A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰਾ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 9 No: 205 Website : www.punjabiakhbaar.ca Email: editor@punjabiakhbaar.ca Friday, 7 October 2022

# ਕੁਬੈਕ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਫਰਾਂਸਵਾ ਲੇਗਊ ਫਿਰ ਪ੍ਰੀਮੀਅਰ ਚੁਣੇ ਗਏ

## CAQ ਨੂੰ 90 ਸੀਟਾਂ ਨਾਲ ਮਿਲਿਆ ਸਪਸ਼ਟ ਬਹੁਮਤ, ਲਿਬਰਲ ਪਾਰਟੀ ਬਣੀ ਮੁੱਖ ਵਿਰੋਧੀ ਧਿਰ



ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਕੁਬੈਕ ਸੂਬੇ ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਫਰਾਂਸਵਾ ਲੇਗਊ ਫਿਰ ਤੋਂ ਸੂਬੇ ਦੇ ਪ੍ਰੀਮੀਅਰ ਬਣ ਗਏ ਹਨ ਉਨ੍ਹਾਂ ਦੀ ਪਾਰਟੀ ਕੋਲੀਸ਼ਨ ਐਵਨੀਰ ਕੁਬੈਕ (CAQ ) ਨੇ ਪੂਰਨ ਬਹੁਮਤ ਦੇ ਨਾਲ ਦੁਬਾਰਾ ਸਰਕਾਰ ਬਣਾ ਲਈ ਹੈ । ਇਸ ਵੱਡੀ ਜਿੱਤ ਉਪਰੰਤ ਫਰਾਂਸਵਾ ਲੇਗਊ ਨੇ ਆਪਣੇ ਜੇਤੂ ਭਾਸ਼ਣ ਵਿੱਚ ਆਖਿਆ ਕਿ ਸਰਕਾਰ ਦੀ ਪਹਿਲ ਅਰਥਚਾਰੇ ਨੂੰ ਸੁਧਾਰਨਾ ਅਤੇ ਮਹਿੰਗਾਈ ਨਾਲ ਨਜਿੱਠਣਾ ਹੋਵੇਗਾ ਇਸ ਤੋਂ ਇਲਾਵਾ ਉਨ੍ਹਾਂ ਨੇ ਕ੍ਰਿਸਟੀਅਨ ਦੂਬੇ ਦੀ ਅਗਵਾਈ ਵਿਚ ਹੈਲਥਕੇਅਰ ਸਿਸਟਮ ਨੂੰ ਸੁਧਾਰਨ ਦਾ ਪ੍ਰਣ ਵੀ ਲਿਆ। ਪ੍ਰੀਮੀਅਰ ਫਰਾਂਸਵਾ ਨੇ ਆਖਿਆ ਕਿ ਕੁਬੈਕ ਵਾਸੀਆਂ ਨੇ ਉਨ੍ਹਾਂ ਦੀ ਪਾਰਟੀ ਨੂੰ ਜਿਤਾ ਕੇ ਉਨ੍ਹਾਂ ਵਿੱਚ ਦੁਬਾਰਾ ਵਿਸ਼ਵਾਸ ਜਤਾਇਆ ਹੈ। ਭਾਵੇਂ ਕਿ ਪ੍ਰੀਮੀਅਰ ਨੇ ਜ਼ਿਆਦਾ ਭਾਸ਼ਣ ਤਾਂ ਫਰੈਂਚ ਭਾਸ਼ਾ ਵਿੱਚ ਹੀ ਦਿੱਤਾ ਪਰ ਕੁੱਝ ਕੁ ਪਲਾਂ ਲਈ ਅੰਗਰੇਜ਼ੀ ਵਿੱਚ ਬੋਲਦਿਆਂ ਉਨਾਂ ਕਿਹਾ ਕਿ ਉਹ ਬਿਨ੍ਹਾਂ ਕਿਸੇ ਭੇਦਭਾਵ ਦੇ ਕੁਬੈਕ ਦੇ ਹਰੇਕ ਨਾਗਰਿਕ ਦੇ ਪ੍ਰੀਮੀਅਰ ਦੇ ਤੌਰ 'ਤੇ ਕੰਮ ਕਰਣਗੇ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਫਰੈਂਚ ਭਾਸ਼ਾ ਨੂੰ ਬਚਾਉਣ ਲਈ ਕੰਮ ਕਰਨਗੇ ਕਿਉਂਕਿ ਭਾਸ਼ਾ ਨੂੰ ਖ਼ਤਰਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਹ ਲੋਕਾਂ ਤੇ ਨਿਰਭਰ ਕਰਦਾ ਹੈ ਕਿ ਅਸੀਂ ਫਰੈਂਚ ਭਾਸ਼ਾ ਵਿੱਚ ਕਿੰਨੀ ਕੁ ਗੱਲ ਕਰਦੇ ਹਾਂ ਅਤੇ ਉਸ ਨੂੰ ਕਿੰਨੀ ਮਹੱਤਤਾ ਦਿੰਦੇ ਹਾਂ। ਇਨ੍ਹਾਂ ਚੋਣਾਂ ਵਿੱਚ CAQ ਪਾਰਟੀ ਦੇ ਹਿੱਸੇ 90 ਸੀਟਾਂ ਆਈਆਂ ਹਨ ਜਦੋਂ ਕਿ ਸਾਲ 2018 ਦੀਆਂ ਚੋਣ ਵਿੱਚ ਪਾਰਟੀ 74 ਸੀਟਾਂ ਉੱਪਰ ਜਿੱਤ ਦਰਜ ਕਰਨ ਵਿੱਚ ਕਾਮਯਾਬ ਹੋਈ ਸੀ।ਲਿਬਰਲ ਪਾਰਟੀ ਇਨ੍ਹਾਂ ਚੋਣਾਂ ਵਿੱਚ 22 ਸੀਟਾਂ ਜਿੱਤ ਕੇ ਦੂਜੇ ਸਥਾਨ 'ਤੇ ਰਹੀ ਹੈ। ਪ੍ਰੀਮੀਅਰ ਫਰਾਂਸਵਾ ਨੂੰ ਆਪਣੀ ਰਾਈਡਿੰਗ ਵਿੱਚ 58 ਫ਼ੀਸਦੀ ਵੋਟਾਂ ਮਿਲੀਆਂ ਹਨ। ਕੰਜ਼ਰਵੇਟਿਵ ਪਾਰਟੀ ਆਫ ਕਿਊਬਿਕ ਆਪਣਾ ਖਾਤਾ ਖੋਲਣ ਵਿੱਚ ਵੀ ਨਕਾਮ ਰਹੀ।



ਪੰਜਾਬੀ ਪੱਤਰਕਾਰ
**ਸੁਖਨੈਬ ਸਿੱਧੂ**
ਪੀ ਐਨ ਓ ਮੀਡੀਆ ਗਰੁੱਪ
8 ਅਕਤੂਬਰ 2022
ਨੂੰ ਕੈਲਗਰੀ ਆ ਰਹੇ ਹਨ
ਵਟਸਐਪ: 91 94175 25762
ਹਰਬੰਸ ਬੁੱਟਰ: 403 640 2000

SHANE HOMES



Affordable custom homes.
With our **Love it or Customize it** philosophy, you don't need to settle on a home that doesn't capture what's important to you and your family.
BUILD YOUR DREAM HOME - WITHIN YOUR BUDGET
SHANEHOMES.COM

Great, Professionally Trained Agents on your side
(403) 400-0000
Contact one of our realtors to get the results you want
ESTATEVIEW™
Real Estate & Property Management
Homes, Appartments, Commercial Bays, Businesses, Condos & Condo Corporations
Rabinder Gill

INVISALIGN & BRACES
ਇਨਵਿਜਅਲਾਇਨ ਅਤੇ ਬ੍ਰੇਸਿਸ
In House Orthodontist Available
$50 / Week
OUR SERVICES
VENEERS, CROWNS
NIGHT GUARDS
KIDS DENTISTRY
LIP FILLER AND BOTOX
TREAT HALITOSIS (BAD BREATH CARE)
TEETH WHITENING
GRINDING APPLIANCES
GENERAL DENTISTRY
EXTRACTIONS & WISDOM TEETH REMOVAL
SPORTS DENTAL APPLIANCES
All the DENTAL treatments except ortho are treated by General Dentist. DR. KHATTRA & ASSOCIATES
587-356-0555
DR. KHATTRA & ASSOCIATES info@redstonesmilesdental.com
#130-630 Redstone Dr NE, Calgary, AB T3N 1B6
OUR DENTAL FEES ARE LOWER THAN ALBERTA FEE GUIDE
DENTURES ਡੈਂਚਰ
In House Denturist Available
For your denture services book your free consult.
REDSTONE Smiles DENTAL
We speak Continense, Mandarin, Vietnamese, Tagalog, Arabic, Urdu, Punjabi and Hindi in addition to English.
✓WE ACCEPT ALL INSURANCES ✓FINANCING AVAILABLE
✓DIRECT BILLING TO INSURANCE ✓NO OBLIGATION CONSULT

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada Member ICCRC #R 409807 Member CAPIC Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ
ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਏ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4

# SIZE MATTERS

## ਆਓ $20,000* ਤੱਕ ਦੀ ਬੱਚਤ ਕਰੀਏ !

ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸ਼ਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸ਼ਾਮਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸ਼ਾਮਿਲ ਹੈ!

**ਟਾਊਨ ਹੋਮ**
**$385,000 ਤੋਂ ਸ਼ੁਰੂ**



**ਰੋਅ ਹੋਮ**
**$485,000 ਤੋਂ ਸ਼ੁਰੂ**











| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

COPPERSTONE
AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

SOUTHPOINT
A MASTER PLANNED COMMUNITY

**403.980.1979**
**VESTASOUTHPOINT.COM**

SHOWHOMES & SALES CENTRE
600 South Point Heath SW
Airdrie AB

VESTA PROPERTIES

* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਦਸਮੇਸ ਕਲਚਰਲ ਸੈਂਟਰ ਕੈਲਗਰੀ ਦੀ ਨਵੀਂ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ

## ਸ: ਬਲਜਿੰਦਰ ਸਿੰਘ ਗਿੱਲ ਪ੍ਰਧਾਨ ਅਤੇ ਗੁਰਜੀਤ ਸਿੰਘ ਸਿੱਧੂ ਚੇਅਰਮੈਨ ਚੁਣੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਦੀ ਪਰਬੰਧਕੀ ਕਮੇਟੀ ਵੱਲੋਂ ਗੁਰੂਘਰ ਨਾਲ ਸਬੰਧਿਤ ਮੈਂਬਰਾਂ ਦਾ ਆਮ ਅਜਲਾਸ ਬੁਲਾਇਆ ਗਿਆ ਪਰ ਮੈਂਬਰਾਂ ਦੀ ਗਿਣਤੀ ਘੱਟ ਹੋਣ ਕਾਰਣ ਕੋਈ ਵੀ ਮਤਾ ਪਾਸ ਨਹੀਂ ਹੋ ਸਕਿਆ। ਦਰਬਾਰ ਸਾਹਿਬ ਅੰਦਰ ਜੁੜੀ ਸੰਗਤ ਨੂੰ ਸੰਬੋਧਤ ਹੁੰਦਿਆ ਗੁਰੂਘਰ ਦੇ ਮੁੱਖ ਸੇਵਾਦਰ ਭਾਈ ਅਮਨਪ੍ਰੀਤ ਸਿੰਘ ਗਿੱਲ ਨੇ ਪੁਰਾਣੀ ਗੁਰਦੁਆਰਾ ਕਮੇਟੀ ਵੱਲੋਂ ਬੀਤੇ ਸਮੇਂ ਕੀਤੇ ਕੰਮਾਂ ਦਾ ਵੇਰਵਾ ਦਿੱਤਾ ਗਿਆ। ਗੁਰਘਰ ਅੰਦਰ ਸੇਵਾਵਾਂ ਨਿਭਾਉਣ ਵਾਲੇ ਬਜੁਰਗਾਂ ਨੂੰ ਮਾਣ ਸਨਮਾਨ ਦਿੰਦਿਆਂ ਜੈਕਟਾਂ ਦਿੱਤੀਆਂ ਗਈਆਂ। ਗੁਰੂਘਰ ਵੱਲੋਂ ਉਸਾਰੇ ਜਾ ਰਹੇ ਵੋਮੈਨ ਸ਼ੈਲਟਰ ਹੋਮ ਅਤੇ ਨਵੇਂ ਸ਼ਮਸ਼ਾਨ




ਘਾਟ ਦੀ ਖਰੀਦਦਾਰੀ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਜਾਣਕਾਰੀਆਂ ਉਪਰੰਤ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੀ ਅਗਲੇ ਤਿੰਨ ਸਾਲ ਲਈ ਸਰਬਸੰਮਤੀ ਨਾਲ ਚੁਣੀ ਗਈ ਨਵੀਂ ਕਮੇਟੀ ਦਾ ਐਲਾਨ ਵੀ ਕੀਤਾ ਗਿਆ।

ਨਵੀਂ ਕਮੇਟੀ ਵਿੱਚ ਹੁਣ ਗੁਰੂਘਰ ਦੇ ਮੁੱਖ ਸੇਵਾਦਰ ਦੀ ਜਿੰਮੇਵਾਰੀ ਭਾਈ ਬਲਜਿੰਦਰ ਸਿੰਘ ਗਿੱਲ ਨਿਭਾਉਣਗੇ। ਹਰਵਿੰਦਰ ਸਿੰਘ ਗਿੱਲ ਸੀਨੀਅਰ ਵਾਈਸ ਪ੍ਰਧਾਨ,ਗੁਰਪ੍ਰੀਤ ਸਿੰਘ ਗਿੱਲ ਵਾਈਸ ਪ੍ਰਧਾਨ, ਰਵਿੰਦਰ ਸਿੰਘ ਤੰਬੜ,ਜਨਰਲ ਸੈਕਟਰੀ , ਪ੍ਰਦੀਪ ਸਿੰਘ ਬੈਨੀਪਾਲ ਜੋਇੰਟ ਸੈਕਟਰੀ,ਰਣਧੀਰ ਸਿੰਘ ਅਸਿਸਟੈਂਟ ਸੈਕਟਰੀ, ਹਰਜੀਤ ਸਿੰਘ ਹਾਂਸ ਖਜਾਨਚੀ,ਗੁਰਮੀਤ ਸਿੰਘ ਜੋਇੰਟ ਖਜਾਨਚੀ, ਜਸਵਿੰਦਰ ਸਿੰਘ ਸਹਾਇਕ ਖਜਾਨਚੀ, ਚੁਣੇ ਗਏ ਹਨ ਜਦੋਂ ਕਿ ਹਰਜੀਤ ਸਿੰਘ ਖਾਰਾ, ਪਰਦੁਮਣ ਸਿੰਘ ਗਿੱਲ,ਗੁਰਲਾਲ ਸਿੰਘ ਧਾਲੀਵਾਲ, ਰਾਜਦੀਪ ਸਿੰਘ ਗਰੇਵਾਲ ਮੈਂਬਰ ਚੁਣੇ ਗਏ ਹਨ। ਗੁਰਜੀਤ ਸਿੰਘ ਸਿੱਧੂ ਨੂੰ ਚੇਅਰਮੈਨ, ਯਸ਼ਪਾਲ ਸਿੰਘ ਸ਼ੇਰਗਿੱਲ ਵਾਈਸ ਚੇਅਰਮੈਨ, ਗੁਰਮੇਜ ਸਿੰਘ ਚੀਮਾ ਸੈਕਟਰੀ, ਕਿਰਨਪ੍ਰੀਤ ਸਿੰਘ ਬਾਜਵਾ ਅਤੇ ਭੁਪਿੰਦਰ ਸਿੰਘ ਬਿਲਿੰਗ ਟਰੱਸਟੀ ਚੁਣੇ ਗਏ ਹਨ। ਨਵੀਂ ਚੁਣੀ ਗਈ ਕਮੇਟੀ ਸਾਲ 2022 ਤੋਂ ਲੈਕੇ 2025 ਤੱਕ ਆਪਣੀਆਂ ਸੇਵਾਵਾਂ ਨਿਭਾਏਗੀ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਭਾਈ ਬਲਜਿੰਦਰ ਸਿੰਘ ਗਿੱਲ ਨੇ ਪੰਜਾਬੀ ਅਖ਼ਬਾਰ ਦੀ ਟੀਮ ਨਾਲ ਗੱਲਬਾਤ ਦੌਰਾਨ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹਨਾਂ ਦੀ ਟੀਮ ਪੂਰੀ ਤਨਦੇਹੀ ਨਾਲ ਸਿੱਖ ਸੰਗਤ ਦਾ ਸਹਿਯੋਗ ਲੈਂਦਿਆਂ ਨੇਪਰੇ ਚਾੜੇ ਜਾਣਗੇ।
















# ਇੰਕਾ ਸੁਸਾਇਟੀ ਵਾਲਿਆਂ ਨੇ ਆਪਣੀ ਬਜ਼ੁਰਗ ਮੈਂਬਰ ਬੀਬੀ ਕੁਲਦੀਪ ਕੌਰ ਬਰਾੜ ਦਾ 80 ਵਾਂ ਜਨਮ ਦਿਨ ਕੇਕ ਕੱਟ ਕੇ ਮਨਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੌਵੀ ਸਤੰਬਰ ਵਾਲੇ ਦਿਨ ਇੰਕਾ ਸੀਨੀਅਰ ਸੁਸਾਇਟੀ ਕੈਲਗਰੀ ਦੀ ਮੀਟਿੰਗ ਵਿੱਚ ਹਰ ਵਾਰ ਦੀ ਤਰ੍ਹਾਂ ਸੀਨੀਅਰ ਮੈਂਬਰਾਂ ਦੇ ਜਨਮਦਿਨ ਮਨਾਏ ਗਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸਭਾ ਦੇ ਸਕੱਤਰ ਧਰਮ ਸਿੰਘ ਗਿੱਲ ਨੇ ਸਭਾ ਦੇ ਪ੍ਰਧਾਨ ਗੁਰਮੁਖ ਸਿੰਘ ਮਿਨਹਾਸ ਨੂੰ ਸੱਦਾ ਦਿੱਤਾ ਕਿ ਉਹ ਮੰਚ ਉੱਪਰ ਆ ਕੇ ਆਪਣੇ ਵਿਚਾਰ ਰੱਖਣ। ਗੁਰਮੁਖ ਸਿੰਘ ਮਿਨਹਾਸ ਨੇ ਜਿਨ੍ਹਾਂ ਜਿਨ੍ਹਾਂ ਦੇ ਜਨਮ ਦਿਨ ਇਸ ਮਹੀਨੇ ਮਨਾਏ ਜਾਣੇ ਸੀ, ਸਾਰਿਆਂ ਨੂੰ ਜਨਮਦਿਨ ਮੁਬਾਰਕ ਆਖਿਆ। ਸੰਸਥਾ ਦੇ ਸਾਬਕਾ ਸਕੱਤਰ ਸਰਦਾਰ ਅਜਾਇਬ ਸਿੰਘ ਬਰਾੜ ਨੇ ਵੀ ਵਧਾਈਆਂ ਦਿੰਦਿਆਂ ਹਾਜਰੀਨ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਜੰਗ ਬਹਾਦਰ ਸਿੰਘ ਸਿੱਧੂ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਅਤੇ ਸੁਸਾਇਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸੁਸਾਇਟੀ ਵੱਲੋਂ ਮੋਮੈਂਟੋ ਭੇਟ ਕੀਤਾ ਗਿਆ। ਵਾਰਡ ਨੰਬਰ ਪੰਜ ਦੇ ਕੌਂਸਲਰ ਰਾਜ ਧਾਲੀਵਾਲ ਨੇ ਆਪਣੇ ਵਿਚਾਰ ਰੱਖਦਿਆਂ ਬਜ਼ੁਰਗਾਂ ਨੂੰ ਜਨਮਦਿਨ ਦੀ ਵਧਾਈ ਦਿਤੀ। ਰਾਜ ਧਾਲੀਵਾਲ ਦੇ ਪਿਤਾ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਆਖਿਆ ਕਿ ਸਾਨੂੰ ਆਪਣੇ ਬੱਚਿਆਂ ਨੂੰ ਵਿੱਦਿਆ ਦੇ ਖੇਤਰ ਵੱਲ ਮੋੜਨਾ ਚਾਹੀਦਾ ਹੈ ਤਾਂ ਕਿ ਉਹ ਉਚੇ ਅਹੁਦਿਆਂ ਉੱਪਰ ਜਾ ਕੇ ਸਾਡੇ ਭਾਈਚਾਰੇ ਦਾ ਨਾਂ ਰੌਸ਼ਨ ਕਰ ਸਕਣ । ਇਸ ਮੌਕੇ ਪ੍ਰੀਮੀਅਰ ਦੀ ਉਮੀਦਵਾਰ ਬੀਬਾ ਰਾਜਨ ਸਾਹਨੀ ਦੇ ਨੁਮਾਇੰਦੇ ਜਤਿੰਦਰ ਸਿੰਘ ਤੱਤਲਾ ਨੇ ਆਪਣੀ ਹਾਜ਼ਰੀ ਇਸ ਸਮਾਗਮ ਵਿੱਚ ਲਗਵਾਈ। ਕੇਕ ਕੱਟਣ ਦੀ ਰਸਮ ਮੌਕੇ ਸਭ ਤੋਂ ਵੱਡੀ ਉਮਰ ਦੀ ਬਜ਼ੁਰਗ ਬੀਬੀ ਕੁਲਦੀਪ ਕੌਰ ਬਰਾੜ ਨੂੰ ਜਿਨ੍ਹਾਂ ਦੀ ਉਮਰ ਇਸ ਵੇਲੇ 80 ਸਾਲ ਹੈ, ਸਾਰਿਆਂ ਨੇ ਜਨਮਦਿਨ ਮੁਬਾਰਕ ਆਖਿਆ। ਬਜ਼ੁਰਗ ਕੁਲਦੀਪ ਕੁਲਦੀਪ ਕੌਰ ਬਰਾੜ ਨੂੰ ਰਾਜ ਧਾਲੀਵਾਲ, ਰਾਜਨ ਸਾਹਨੀ ਅਤੇ ਸੰਸਥਾ ਵੱਲੋਂ ਮਾਣ ਪੱਤਰ ਭੇਟ ਕੀਤੇ ਗਏ। ਪ੍ਰੋਗਰਾਮ ਦੇ ਅਖੀਰ ਵਿੱਚ ਧਰਮ ਸਿੰਘ ਗਿੱਲ ਜੋ ਕਿ ਸਕੱਤਰ ਦੀ ਸੇਵਾ ਨਿਭਾਅ ਰਹੇ ਸਨ, ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜਨਮਦਿਨ ਵਾਲੇ ਵੀਰਾਂ ਭੈਣਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ।

## ਵਧੀਆਂ ਹੋਈਆਂ ਗੈਸ ਦੀਆਂ ਕੀਮਤਾਂ ਕਾਰਨ ਹਾਊਸ ਆਫ਼ ਕਾਮਨਜ਼ ਵਿੱਚ ਤਿੱਖੀ ਬਹਿਸ ਛਿੜੀ

ਔਟਵਾ (ਪੰਜਾਬੀ ਅਖਬਾਰ ਬਿਊਰੋ) ਵਾਤਾਵਰਨ ਤਬਦੀਲੀ ਕਾਰਨ ਕੈਨੇਡਾ ਦੀ ਸੱਤਾਧਾਰੀ ਲਿਬਰਲ ਸਰਕਾਰ ਵੱਲੋਂ ਲਗਾਏ ਗਏ ਕਾਰਬਨ ਟੈਕਸ ਦਾ ਮੁੱਦਾ ਉਸ ਵੇਲੇ ਹਾਊਸ ਆਫ਼ ਕਾਮਨਜ਼ ਵਿੱਚ ਤਿੱਖੀ ਬਹਿਸ ਦਾ ਰੂਪ ਧਾਰ ਗਿਆ ਜਦੋਂ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੌਲੀਪਰ ਨੇ ਸਰਕਾਰ ਉੱਪਰ ਨਿਸ਼ਾਨਾ ਸਾਧਿਆ ਕਿ ਸਰਕਾਰ ਵੱਲੋਂ ਥੋਪੇ ਗਏ ਟੈਕਸਾਂ ਕਾਰਨ ਬ੍ਰਿਟਿਸ਼ ਕੋਲੰਬੀਆ ਵਿੱਚ ਗੈਸ ਦੀਆਂ ਕੀਮਤਾਂ ਦੋ ਡਾਲਰ ਚਾਲੀ ਸੈਂਟ ਪ੍ਰਤੀ ਲਿਟਰ ਤੱਕ ਪਹੁੰਚ ਗਈਆਂ ਹਨ ਜਿਸ ਨੇ ਆਮ ਲੋਕਾਂ ਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਹੈ ਜਿਸ ਦੇ ਜਵਾਬ ਵਿੱਚ ਐਨਵਾਇਰਮੈਂਟ ਅਤੇ ਕਲਾਈਮੇਟ ਚੇਂਜ ਮੰਤਰੀ ਸਟੀਵਨ ਗਿੱਲਬਓ ਨੇ ਆਖਿਆ ਕਿ ਅਮਿਸ਼ਨ ਨੂੰ ਘੱਟ ਕਰਨ ਲਈ ਇਹੀ ਇੱਕ ਕਾਰਗਰ ਤਰੀਕਾ ਹੈ।

# ਕੈਲਗਰੀ ਵਿੱਚ 'ਧਨੁ ਲੇਖਾਰੀ ਨਾਨਕਾ' ਸੋਲੋ ਨਾਟਕ ਦਾ ਪੋਸਟਰ ਰਿਲੀਜ਼ ਕੀਤਾ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) 22 ਅਕਤੂਬਰ, 2022 ਦਿਨ ਸ਼ਨੀਵਾਰ ਨੂੰ ਉਘੇ ਲੇਖਕ, ਨਿਰਦੇਸ਼ਕ, ਥੀਏਟਰ ਤੇ ਫਿਲਮੀ ਕਲਾਕਾਰ ਡਾ. ਸਾਹਿਬ ਸਿੰਘ ਵੱਲੋਂ ਆਪਣਾ ਲਿਖਤ ਤੇ ਨਿਰਦੇਸ਼ਤ ਸੋਲੋ ਨਾਟਕ 'ਧਨੁ ਲੇਖਾਰੀ ਨਾਨਕਾ' ਕੈਲਗਰੀ ਦੇ ਰੈਡ ਸਟੋਨ ਥੀਏਟਰ ਨਾਰਥ ਈਸਟ ਵਿੱਚ ਖੇਡਿਆ ਜਾ ਰਿਹਾ ਹੈ। ਯਾਦ ਰਹੇ ਡਾ. ਸਾਹਿਬ ਸਿੰਘ ਵਲੋਂ ਇੰਗਲੈਂਡ ਵਿੱਚ ਦਰਜਨਾਂ ਸਫਲ ਪੇਸ਼ਕਾਰੀਆਂ ਤੋਂ ਬਾਦ ਇਹ ਨਾਟਕ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਖੇਡਿਆ ਜਾ ਰਿਹਾ ਹੈ। ਇਸ ਨਾਟਕ ਸਮਾਗਮ ਦਾ ਪ੍ਰਬੰਧ ਕਰ ਰਹੀਆਂ ਸੰਸਥਾਵਾਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਆਵਾਜ ਵੱਲੋਂ 'ਕੋਸੋ' ਹਾਲ ਵਿੱਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਪੋਸਟਰ ਰਿਲੀਜ਼ ਕੀਤਾ ਗਿਆ। ਨਾਟਕ ਸਮਾਗਮ ਬਾਰੇ ਬੋਲਦਿਆਂ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਨਾਟਕ ਦੀ ਟਿਕਟ $20 ਹੋਵੇਗੀ, ਥੀਏਟਰ ਦੇ ਡੋਰ 12:30 ਵਜੇ ਖੁੱਲ੍ਹ ਜਾਣਗੇ ਅਤੇ ਠੀਕ 1 ਵਜੇ ਪ੍ਰੋਗਰਾਮ ਸ਼ੁਰੂ ਹੋ ਜਾਵੇਗਾ ਉਨ੍ਹਾਂ ਦਰਸ਼ਕਾਂ ਨੂੰ ਯਾਦ ਕਰਾਇਆ ਕਿ ਜੂਨ ਵਿੱਚ ਕਰਵਾਏ ਗਏ ਨਾਟਕ ਸਮਾਗਮ ਮੌਕੇ ਬਹੁਤ ਸਾਰੇ ਦਰਸ਼ਕਾਂ ਨੂੰ ਟਿਕਟਾਂ ਨਹੀਂ ਮਿਲ਼ੀਆਂ ਸਨ, ਇਸ ਲਈ ਜਿਹੜੇ ਦਰਸ਼ਕ ਨਾਟਕ ਦੇਖਣਾ ਚਾਹੁੰਦੇ ਹਨ, ਉਹ ਹੁਣ ਹੀ 403-455-4220 ਅਤੇ 403-681-8689 ਨੰਬਰਾਂ ਤੇ ਸੰਪਰਕ ਕਰਕੇ ਟਿਕਟਾਂ ਲੈ ਲੈਣ। ਅਖੀਰ ਵਿੱਚ ਸਭ ਨੂੰ 22 ਅਕਤੂਬਰ ਦੇ ਨਾਟਕ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿਤਾ ਗਿਆ। ਜੇ ਕੋਈ ਬਿਜਨੈਸ ਅਦਾਰਾ ਜਾਂ ਸੰਸਥਾ ਇਸ ਨਾਟਕ ਲਈ ਕੋਈ ਮਾਇਕ ਸਹਾਇਤਾ ਕਰਨਾ ਚਾਹੇ ਤਾਂ ਉਪਰਲੇ ਨੰਬਰਾਂ ਸੰਪਰਕ ਕੀਤਾ ਜਾ ਸਕਦਾ ਹੈ।

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

AIRPORT CORPORATE CENTRE (ACC)
Welcome to this beautiful well presented office building located at 1601 Airport Road NE, directly connected to Calgary International Airport. amenities.
ACC have few vacant floors for leasing office space for short term and long term rentals for LAW FIRMS, ACCOUNTANTS, IMMIGRATION CONSULTANTS, MONEY EXCHANGE FIRMS, REALTORS, MORTGAGE BROKERS, etc.
Newly built offices are move in ready, furnished and unfurnished along with large board room for large conference meetings or small daily meetings
Great offers are available for short term (month to month) and long term rentals at very attractive rates.
We make sure that we help in any way to make you happy and satisfied, also will love to accommodate your needs
AIRPORT CORPORATE CENTRE
LEASE/RENT WITH ACC
Please Contact: Taj
639-916-2884

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Vig Fashions
Jewellery - Fashion Boutique
Tailoring - Dry Clean
ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।
ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ
ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ
Ph: 403-590-5620
#159-5120 47 Street NE, Calgary (AB)
E: Vigfashions@gmail.com


PAINTED SKY
LANGDON
ਲੈਂਗਡਨ ਦੇ ਹੈਮਲੇਟ ਵਿੱਚ
ਤੁਹਾਡਾ ਸਵਾਗਤ ਹੈ
ਨਵੀਂ ਕਮਿਓਨਿਟੀ ਅਤੇ ਸ਼ੋਅ ਹੋਮ ਹੁਣ ਖੁੱਲੇ ਹਨ
ਸ਼ੋਰ-ਸ਼ਰਾਬੇ ਵਾਲੇ ਸਹਿਰੀ ਵਾਤਾਵਰਣ ਤੋਂ ਥੋੜਾ ਪਾਸੇ ਹਟਵਾਂ ਬੇਅੰਤ ਪ੍ਰੇਰੀ ਦੇ ਰੂਪ ਵਿੱਚ,ਇੱਕ ਖੁੱਲੀ ਡੁੱਲੀ ਵਿਸਾਲ ਕਮਿਓਨਿਟੀ ਹੈ। ਪੇਂਟਡ ਸਕਾਈ ਇੱਕ ਪਰਿਵਾਰਕ ਕਮਿਓਨਿਟੀ ਹੈ । ਇਹ ਕਮਿਓਨਿਟੀ,ਰਿਹਾਇਸ,ਜੀਵਨ ਸ਼ੈਲੀ ਅਤੇ ਇੱਥੇ ਰਹਿਣ ਵਾਲਿਆਂ ਦੀਆਂ ਸਹੂਲਤਾਂ ਦੀਆਂ ਲੋੜਾਂ,ਜੋ ਘਰ ਦੇ ਨੇੜੇ ਸਕੂਲ,ਮੰਨੋਰੰਜਨ,ਅੱਗ ਬੁਝਾਊ ਅਤੇ ਪੁਲਿਸ ਦੀਆਂ ਸੇਵਾਵਾਂ ਚਾਹੁੰਦੇ ਹਨ, ਦੀ ਪੂਰਤੀ ਕਰਦੀ ,ਇਹੀ ਕੁੱਝ ਲੱਭ ਰਹੇ ਪਰਿਵਾਰਾਂ ਲਈ ਇਹ ਉਹਨਾਂ ਦਾ ਟਿਕਾਣਾ ਹੈ।ਜਿਸ ਦੀ ਬੁਨਿਆਦ ਰਿਹਾਇਸਾਂ ਦੀ ਵਿਭਿੰਨਤਾ,ਉੱਪਰ ਟਿਕੀ ਹੋਈ ਹੈ।ਜ਼ਿੰਦਗੀ ਨੂੰ ਪੂਰੀ ਤਰਾਂ ਜਿਉਣ ਲਈ ਇਹ ਕਮਿਓਨਿਟੀ ਤਿਆਰ ਕੀਤੀ ਗਈ ਹੈ।
ਅਗਰ ਤੁਸੀਂ ਪਹਿਲੇ 30 ਘਰ ਖਰੀਦਦਾਰਾਂ ਵਿੱਚੋਂ ਇੱਕ ਬਣਦੇ ਹੋ ਤਾਂ ਵਿਸੇਸ਼ ਗਿਫਟ ਵੀ ਲੈ ਸਕਦੇ ਹੋ
ਲੇਨਡ ਹੋਮ $500s ਮੱਧ ਤੱਕ
ਫਰੰਟ ਗੈਰਾਜ ਹੋਮ $600s ਤੋਂ ਸੁਰੂ
ਵਾਈਡ ਸ਼ੈਲੋ ਫਰੰਟ ਗੈਰਾਜ ਹੋਮ $500s ਤੋਂ ਸੁਰੂ
18KM to Chestermere
797
Glenmore Trail
560
15KM to Calgary
Langdon
Rangeroad 273
Centre St
22x
www.paintedskyinlangdon.com
ਵੱਡੇ
ਸਾਈਜ ਦੀਆਂ ਲਾਟਾਂ
ਵੱਡੀਆਂ ਅਤੇ ਚੌੜੀਆਂ ਲਾਟਾਂ ਦਾ ਮਤਲਬ ਹੈ, ਵਧੇਰੇ ਕਮਰੇ ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਜਗ੍ਹਾ। ਵੱਡੇ ਲਾਟ ਦੇ ਸਾਈਜ 42 ਫੁੱਟ ਚੌੜਾ ਅਤੇ 80 ਫੁੱਟ ਚੌੜਾ ਤੱਕ ਹਨ।
ਵੱਡਾ ਲਾਟ ਦਾ ਮਤਲਬ ਹੈ ਇੱਕ ਵੱਡਾ ਘਰ ਅਤੇ ਇਸ ਲਈ ਵਧੇਰੇ ਜਗ੍ਹਾ ਹਰ ਚੀਜ਼ ਜਿਸਦੀ ਤੁਹਾਨੂੰ ਲੋੜ ਹੈ। ਆਰ ਵੀ ਪਾਰਕਿੰਗ ਵੀ ਹੈ।ਪੇਂਟਡ ਸਕਾਈ ਵਿੱਚ ਵਾਧੂ ਸਟੋਰੇਜ, ਗਜ਼ੇਬੋਸ, ਜਾਂ ਪਲੇ ਸਟ੍ਰਕਚਰ,ਹੈ
46'
48'
36'
ਪੇਂਟਡ ਸਕਾਈ ਲਾਟ
ਪੇਂਟਡ ਸਕਾਈ 3 ਗੈਰਾਜ ਲਾਟ
ਸਿਟੀ ਆਫ ਕੈਲਗਰੀ ਲਾਟ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities

# ਕੈਲਗਰੀ ਵਿੱਚ 7,8 ਅਤੇ 9 ਅਕਤੂਬਰ ਨੂੰ 10ਵਾਂ ਹਾਕਸ ਗੋਲਡ ਕੱਪ 2022 ਜੈਨੇਸਿਸ ਸੈਂਟਰ ਦੀਆਂ ਗਰਾਊਂਡਾਂ ਵਿੱਚ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਾਈਟਿਡ ਹਾਕਸ ਸਪੋਰਟਸ ਕਲੱਬ ਕੈਲਗਰੀ ਵਿਖੇ ਹੋਣ ਵਾਲੇ 10ਵੇਂ ਹਾਕਸ ਹਾਕੀ ਗੋਲਡ ਕੱਪ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਹਨ। ਪੋਸਟਰ ਰਿਲੀਜ ਸਮਾਰੋਹ ਵੀ ਬੀਤੇ ਦਿਨੀ ਰੀਓ ਬੈਂਕਿਊਟ ਹਾਲ ਵਿੱਚ ਸਪਾਂਸਰ ਵੀਰਾਂ ਦੀ ਵੱਡੀ ਗਿਣਤੀ ਵਿੱਚ ਹਾਜਰੀ ਦੌਰਾਨ ਕੀਤਾ ਗਿਆ। ਤਿੰਨ ਦਿਨਾਂ ਖੇਡ ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪਰਬੰਧਕੀ ਟੀਮ ਵਿੱਚੋਂ ਗੁਰਲਾਲ ਮਾਣੂੰਕੇ, ਰਿੰਕੂ ਪੂਰੀ ਮਾਣੂੰਕੇ ਅਤੇ ਕਰਮਪਾਲ ਢੁੱਡੀਕੇ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਤਿੰਨ ਦਿਨਾਂ ਇਸ ਖੇਡ ਮੇਲੇ ਦੌਰਾਨ ਹਾਕੀ ਤੋਂ ਇਲਾਵਾ ਰੱਸਾ ਕਸੀ,ਤਾਸ-ਸੀਪ, ਦਸਤਾਰ ਮੁਕਾਬਲੇ ਵੀ ਕਰਵਾਏ ਜਾਣਗੇ। ਬੱਚਿਆਂ ਦਾ ਗਿੱਧਾ ਅਤੇ ਭੰਗੜੇ ਦੀਆਂ ਪੇਸ਼ਕਾਰੀਆਂ ਵੀ ਹੋਣਗੀਆਂ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਦਾਖਲਾ ਬਿਲਕੁੱਲ ਫਰੀ ਹੈ ਸਗੋਂ ਦਰਸਕਾਂ ਲਈ ਵਿਸੇਸ ਲੱਕੀ ਡਰਾਅ ਵੀ ਕੱਢੇ ਜਾਣਗੇ। ਇਸੇ ਲਈ ਤਾਂ ਆਖਿਆ ਜਾਂਦਾ ਹੈ ਕਿ ਹਾਕੀ ਦੇਖੋ ਅਤੇ ਇਨਾਮ ਜਿੱਤੋ। ਹੋਰ ਜਾਣਕਾਰੀ ਲਈ ਗੁਰਲਾਲ ਮਾਣੂਕੇ ਨਾਲ 403 605 3939 ਜਾਂ ਕਰਮਪਾਲ ਢੁੱਡੀਕੇ ਨਾਲ 403 870 8201 ਉੱਪਰ ਸੰਪਰਕ ਕਤਿਾ ਜਾ ਸਕਦਾ ਹੈ।

# ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੇ ਸ: ਪਾਲ ਸਿੰਘ ਪੁਰੇਵਾਲ ਅਕਾਲ ਚਲਾਣਾ ਕਰ ਗਏ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮੰਟਨ ਵਾਸੀ ਨਾਨਕ ਸ਼ਾਹੀ ਕੈਲੰਡਰ ਬਣਾਉਣ ਵਾਲੇ ਸ਼ ਪਾਲ ਸਿੰਘ ਪੁਰੇਵਾਲ ਅਕਾਲ ਚਲਾਣਾ ਕਰ ਗਏ ਹਨ। 23 ਨਵੰਬਰ 1932 ਨੂੰ ਜਨਮੇ ਸਵਰਗੀ ਪਾਲ ਸਿੰਘ ਪੁਰੇਵਾਲ ਪੰਜਾਬ ਦੇ ਮਸ਼ਹੂਰ ਪਿੰਡ ਸ਼ੰਕਰ ਜਿਲਾ ਜਲੰਧਰ ਨਾਲ ਸਬੰਧਿਤ ਸਨ। 90 ਸਾਲ ਦੀ ਉਮਰ ਭੋਗਦਿਆਂ 22 ਸਤੰਬਰ 2022 ਦੀ ਦੀ ਸਵੇਰ 1:30 ਵਜੇ ਐਡਮੰਟਨ ਦੇ ਹਸਪਤਾਲ ਵਿੱਚ ਉਹਨਾਂ ਆਖਰੀ ਸਾਹ ਲਿਆ। ਵਰਨਣਯੋਗ ਹੈ ਕਿ ਉਹਨਾਂ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਜੰਤਰੀ (ਕੈਲੰਡਰ) ਸਿੱਖ ਧਰਮ ਦੇ ਹਰ ਤਿੱਥ ਤਿਉਹਾਰ,ਗੁਰੂਆਂ ਦੇ ਜਨਮ ਦਿਨ ਮਨਾਉਣ ਸਬੰਧੀ ਭਰਮ ਭੁਲੇਖਿਆਂ ਨੂੰ ਦੂਰ ਕਰਦਾ ਹੈ ਪਰ ਇਸ ਨੂੰ ਲਾਗੂ ਕਰਨ ਸਬੰਧੀ ਸਿੱਖ ਕੌਮ ਇੱਕ ਮੱਤ ਨਾ ਹੋ ਸਕੀ। ਸਿੱਖ ਧਰਮ ਨੂੰ ਉਹਨਾਂ ਦੀ ਇਸ ਵੱਡਮੁੱਲੀ ਦੇਣ ਦਾ ਹਮੇਸ਼ਾ ਹੀ ਮਾਣ ਰਹੇਗਾ। ਪਾਲ ਸਿੰਘ ਪੁਰੇਵਾਲ ਦੇ ਜੀਵਨ ਉੱਪਰ ਝਾਤ ਮਾਰਦਿਆਂ ਉਹ ਪਲ ਸਾਹਮਣੇ ਆਉਂਦੇ ਹਨ ਜਦੋਂ ਉਹ 1965 ਵਿੱਚ ਇੰਗਲੈਂਡ ਦੀ ਧਰਤੀ ਉੱਪਰ ਪੈਰ ਰੱਖਦੇ ਹਨ ਅਤੇ ਸੀਨੀਅਰ ਇੰਜੀਨੀਅਰ ਵੱਜੋਂ ਆਪਣੀ ਜ਼ਿੰਦਗੀ ਦੇ 9 ਸਾਲ ਉੱਥੇ ਗੁਜਾਰਦੇ ਹਨ। ਸਾਲ 1974 ਵਿੱਚ ਉਹ ਕਨੇਡਾ ਦੇ ਵਸਨੀਕ ਬਣੇ ਅਤੇ ਆਖਿਰੀ ਸਾਹਾਂ ਤੱਕ ਕਨੇਡਾ ਦੀ ਧਰਤੀ ਉੱਪਰ ਹੀ ਰਹੇ। ਬੀਤੇ ਦਿਨੀ ਮੀਡੀਆ ਦੇ ਇੱਕ ਗਰੁੱਪ ਵੱਲੋਂ ਉਹਨਾਂ ਦੀ ਮੌਤ ਦੀ ਝੂਠੀ ਖ਼ਬਰ ਵੀ ਫੈਲਾ ਦਿੱਤੀ ਗਈ ਸੀ ਪਰ 22 ਸਤੰਬਰ 2022 ਵਾਲੇ ਦਿਨ ਉਹ ਸੱਚ ਸਾਬਤ ਹੋ ਗਈ।

# ਕੈਲਗਰੀ ਅਤੇ ਵੈਨਕੋਵਰ ਵਿੱਚ ਗੋਲੀ ਚੱਲਣ ਦੀਆਂ ਘਟਨਾਵਾਂ ਵਾਪਰੀਆਂ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਵਿਚ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇਕ ਜ਼ਖ਼ਮੀ ਹੋ ਗਿਆ। ਰਿਚਮੰਡ ਆਰਸੀਐਮਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਐਤਵਾਰ ਰਾਤ ਗਿਆਰਾਂ ਵਜੇ ਦੇ ਕਰੀਬ ਰਿਚਮੰਡ ਦੇ ਬਰੌਡਮੂਰ ਖੇਤਰ ਵਿੱਚ ਸਨੀ ਮੇਡ ਕ੍ਰੈਸੈਂਟ ਤੇ ਸਨੀ ਮੇਡ ਗੇਟ ਇੰਟਰਸੈਕਸ਼ਨ ਤੇ ਗੋਲੀ ਚੱਲਣ ਦੀ ਆਵਾਜ਼ ਸੁਣੀ ਗਈ ਸੀ ।ਮੌਕੇ ਤੇ ਪਹੁੰਚੀ ਪੁਲੀਸ ਨੂੰ ਦੋ ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ ਸਨ ਜਿਨ੍ਹਾਂ ਵਿਚੋਂ ਇੱਕ ਦੀ ਮੌਕੇ ਤੇ ਹੀ ਮੌਤ ਹੋ ਗਈ ਜਦੋਂ ਕਿ ਦੂਸਰੇ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ ਹੈ ।ਪਲੀਸ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਸੀ ।ਆਈ ਹਿੱਟ ਵੱਲੋਂ ਇਸ ਮਾਮਲੇ ਦੀ ਜਾਂਚ ਆਰੰਭ ਦਿੱਤੀ ਗਈ ਹੈ ਅਤੇ ਜੇਕਰ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਪੁਲੀਸ ਨਾਲ ਸਾਂਝੀ ਕਰਨ ਲਈ ਆਖਿਆ ਗਿਆ ਹੈ । ਇਸੇ ਤਰ੍ਹਾਂ ਬੀਤੇ ਦਿਨੀ ਕੈਲਗਰੀ ਦੇ ਸਾਊਥ ਈਸਟ ਇਲਾਕੇ ਵਿੱਚ ਪੈਂਦੇ ਸਾਊਥ ਵਿਊ ਇਲਾਕੇ ਵਿੱਚ ਵੀ ਗੋਲੀਬਾਰੀ ਹੋਈ ਜਿਸ ਵਿੱਚ ਦੋ ਜਣੇ ਜ਼ਖ਼ਮੀ ਹੋਏ ਹਨ । ਕੈਲਗਰੀ ਪੁਲੀਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰੀਬ ਲਗਪਗ 10 ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਗਈ । ਪੁਲੀਸ ਅਨੁਸਾਰ ਉਨੀ ਐਵੇਨਿਊ ਸਾਊਥ ਈਸਟ ਅਤੇ ਬਾਈ ਐਵੇਨਿਊ ਸਾਊਥ ਈਸਟ ਦੇ ਵਿਚਾਲੇ ਸਤਾਈ ਸਟ੍ਰੀਟ ਸਾਊਥ ਈਸਟ ਉੱਪਰ ਇੱਕ ਹਲਕੇ ਰੰਗ ਦੀ ਕਾਰ ਤੋਂ ਇੱਕ ਗਾੜ੍ਹੇ ਰੰਗ ਦੀ ਜੀਪ ਉਪਰ ਇਹ ਗੋਲੀਬਾਰੀ ਹੋਈ। ਜਿਸ ਵਿੱਚ ਜੀਪ ਦਾ ਡਰਾਈਵਰ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ, ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਪੁਲੀਸ ਨੇ ਦੱਸਿਆ ਕਿ ਗੋਲੀਬਾਰੀ ਦੇ ਕਾਰਨਾਂ ਦਾ ਪਤਾ ਅਜੇ ਨਹੀਂ ਲੱਗ ਸਕਿਆ ਪਰ ਲੋਕਾਂ ਕੋਲੋਂ ਇਸ ਮਾਮਲੇ ਸੰਬੰਧੀ ਕੋਈ ਵੀ ਜਾਣਕਾਰੀ ਹੋਣ ਦੀ ਸੂਰਤ ਵਿਚ ਮੱਦਦ ਮੰਗੀ ਗਈ ਹੈ ।



























## ਸੰਪਾਦਕੀ



ਸਾਨੂੰ ਇਹ ਫੈਸਲਾ ਕਰਨਾ ਪੈਣਾ ਹੈ ਕਿ ਧਰਤੀ ਨੂੰ ਵੀ ਪ੍ਰਦੂਸ਼ਣ ਮੁਕਤ ਹੋਣ ਦਾ ਅਧਿਕਾਰ ਹੈ।
-ਈਵੋ ਮੇਰੈਲਸ

# ਭਰੋਸੇ ਦਾ ਮਤ ਅਤੇ ਸਿਆਸਤ

ਭਗਵੰਤ ਮਾਨ ਸਰਕਾਰ ਨੇ ਭਰੋਸੇ ਦਾ ਵੋਟ ਜਿੱਤ ਲਿਆ। ਆਪਰੇਸ਼ਨ ਲੋਟਸ ਨੂੰ ਲੈ ਕੇ 'ਆਪ' ਸਰਕਾਰ ਨੇ ਭਰੋਸੇ ਦਾ ਦਾ ਵੋਟ ਹਾਸਲ ਕਰਨ ਦੇ ਮੁੱਦੇ ਨੂੰ ਲੈ ਜਦੋਂ ਤੋਂ ਸੈਸ਼ਨ ਸੱਦਿਆ ਸੀ ਉਦੋਂ ਤੋਂ ਵਿਵਾਦ ਖੜ੍ਹਾ ਗਿਆ ਸੀ। ਇੱਕ ਸਮੇਂ ਤਾਂ ਪੰਜਾਬ ਦੇ ਰਾਜਪਾਲ ਅਤੇ ਆਪ ਸਰਕਾਰ ਵਿਚਾਲੇ ਟਕਰਾਓ ਦੀ ਸਥਿਤੀ ਆ ਗਈ ਸੀ। ਵਿਰੋਧੀ ਧਿਰਾਂ ਦਾ ਕਹਿਣਾ ਸੀ ਕਿ ਸੈਸ਼ਨ ਦੀ ਲੋੜ ਨਹੀਂ ਸੀ ਪਰ ਸਿਆਸੀ ਮੁਫਾਦਾਂ ਦੀ ਖਾਤਰ ਆਪ ਸਰਕਾਰ ਅਜਿਹਾ ਕਰ ਰਹੀ ਹੈ। ਖੈਰ ਇਹ ਸੈਸ਼ਨ ਚਲਿਆ ਅਤੇ ਖ਼ਤਮ ਹੋ ਗਿਆ। ਪਹਿਲਾਂ ਭਰੋਸੇ ਦਾ ਵੋਟ ਹਾਸਿਲ ਕਰਨ ਲਈ ਬੁਲਾਇਆ ਇਜਲਾਸ ਰਾਜਪਾਲ ਵੱਲੋਂ ਦਿੱਤੀ ਮਨਜ਼ੂਰੀ ਵਾਪਸ ਲੈਣ ਕਾਰਨ ਰੱਦ ਹੋ ਗਿਆ ਸੀ। ਉਸ ਪਿੱਛੋਂ ਇੱਕ ਦਿਨ ਦੇ ਵਿਸ਼ੇਸ਼ ਸੈਸ਼ਨ ਦੀ ਬਜਾਇ ਆਮ ਸੈਸ਼ਨ ਸੱਦਣ ਦਾ ਫ਼ੈਸਲਾ ਲੈ ਲਿਆ ਜਿਸ ਵਿੱਚ ਜੀਐੱਸਟੀ, ਪਰਾਲੀ ਅਤੇ ਬਿਜਲੀ ਨਾਲ ਸਬੰਧਿਤ ਮੁੱਦਿਆਂ ਉੱਤੇ ਚਰਚਾ ਕਰਨ ਦਾ ਐਲਾਨ ਕੀਤਾ ਗਿਆ। ਸੱਤਾਧਾਰੀ ਆਮ ਆਦਮੀ ਪਾਰਟੀ ਦਾ ਮੁੱਖ ਨਿਸ਼ਾਨਾ ਭਰੋਸੇ ਦਾ ਵੋਟ ਹਾਸਿਲ ਕਰਨਾ ਸੀ। ਇਜਲਾਸ ਵਧਾ ਕੇ ਚਾਰ ਦਿਨ ਦਾ ਕਰ ਦਿੱਤਾ ਗਿਆ। ਇਸ ਵਿਚ ਪ੍ਰਸ਼ਨਕਾਲ (ਸਵਾਲ ਪੁੱਛਣ ਲਈ) ਲਈ ਕੋਈ ਸਮਾਂ ਨਹੀਂ ਰੱਖਿਆ ਗਿਆ। ਕਾਂਗਰਸ, ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਭਰੋਸੇ ਦਾ ਵੋਟ ਪ੍ਰਾਪਤ ਕਰਨ ਲਈ ਇਜਲਾਸ ਬੁਲਾਉਣ ਦੇ ਮੁੱਦੇ 'ਤੇ ਸਵਾਲ ਉਠਾਉਂਦੀ ਰਹੀ। ਵਿਧਾਨ ਸਭਾ ਵਿਚ ਵਿਜੀਲੈਂਸ ਕਮਿਸ਼ਨ ਖ਼ਤਮ ਕਰਨ ਲਈ ਬਿੱਲ ਲਿਆਉਣ ਵਰਗੇ ਕੁਝ ਹੋਰ ਕੰਮ ਵੀ ਹੋਏ।

ਵਿਧਾਨ ਸਭਾ ਅੰਦਰ ਲੰਮੇ ਸਮੇਂ ਬਾਅਦ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਇੱਕ ਦਿਨ ਸਦਨ ਵਿਚੋਂ ਕਾਂਗਰਸ ਦੇ ਸਾਰੇ ਵਿਧਾਇਕ ਮੁਅੱਤਲ ਵੀ ਕਰ ਦਿੱਤੇ ਗਏ। ਭਾਜਪਾ ਨੇ ਆਪਣੇ ਦਫ਼ਤਰ ਕੋਲ ਜਨਤਕ ਵਿਧਾਨ ਸਭਾ ਲਗਾ ਕੇ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਕੀਤੀ। ਲੋਕਾਂ ਦੁਆਰਾ ਸੰਘਰਸ਼ਾਂ ਰਾਹੀਂ ਉਠਾਏ ਜਾ ਰਹੇ ਵੱਖ-ਵੱਖ ਮੁੱਦੇ ਚਰਚਾ ਤੋਂ ਬਾਹਰ ਰਹੇ। ਵਿਧਾਨ ਸਭਾ ਅੰਦਰ 'ਆਪ' ਦੁਆਰਾ ਭਾਜਪਾ ਦੇ 'ਅਪਰੇਸ਼ਨ ਲੋਟਸ' ਦੀ ਚੱਲ ਰਹੀ ਚਰਚਾ ਵਿਚ ਨਵਾਂ ਮੋੜ ਉਦੋਂ ਆਇਆ ਜਦੋਂ 'ਆਪ' ਵਿਧਾਇਕ ਸੀਤਲ ਅੰਬੁਰੋਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦੋ ਵਕੀਲਾਂ ਵੱਲੋਂ ਪੈਸੇ ਦੇ ਲੈਣ-ਦੇਣ ਦੀ ਪੇਸ਼ਕਸ਼ ਕਰਨ ਅਤੇ ਅੱਗੋਂ ਕੇਂਦਰੀ ਮੰਤਰੀਆਂ ਨੂੰ ਮਿਲਾਉਣ ਦਾ ਵਾਅਦਾ ਕਰਨ ਦਾ ਦੋਸ਼ ਲਗਾਇਆ।

ਵਿਧਾਨ ਸਭਾ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਵਜ਼ੀਫ਼ੇ ਸਮੇਂ ਸਿਰ ਨਾ ਦੇਣ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਸਰਟੀਫਿਕੇਟ ਰੋਕਣ ਖ਼ਿਲਾਫ਼ ਕਾਰਵਾਈ ਕਰਨ ਦੀ ਸਿਫ਼ਾਰਿਸ਼ ਕੀਤੀ ਗਈ। ਵਿਰੋਧੀ ਧਿਰ ਨੇ ਭ੍ਰਿਸ਼ਟਾਚਾਰ ਨੂੰ ਰੋਕਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਸਰਕਾਰ ਨੂੰ ਇਕ ਮੰਤਰੀ ਦੀ ਆਡੀਓ ਟੇਪ ਦੇ ਬਾਵਜੂਦ ਕਾਰਵਾਈ ਨਾ ਕਰਨ ਦੀ ਮੰਗ ਮੁੜ-ਮੁੜ ਉਠਾਈ। ਸੱਤਾਧਾਰੀ ਧਿਰ ਇਸ ਮੁੱਦੇ ਉੱਤੇ ਕੋਈ ਸਪੱਸ਼ਟ ਬਿਆਨ ਦੇਣ ਤੋਂ ਸੰਕੋਚ ਕਰਦੀ ਦਿਖਾਈ ਦਿੱਤੀ। ਕੁੱਲ ਮਿਲਾ ਕੇ ਵਿਧਾਨ ਸਭਾ ਇਜਲਾਸ 'ਆਪ' ਦੁਆਰਾ ਭਾਜਪਾ 'ਤੇ ਵਿਧਾਇਕਾਂ ਨੂੰ ਖ਼ਰੀਦਣ ਬਾਰੇ ਲਗਾਏ ਗਏ ਦੋਸ਼ਾਂ ਦੇ ਇਰਦ-ਗਿਰਦ ਹੀ ਘੁੰਮਦਾ ਰਿਹਾ। ਦਿੱਲੀ ਦੀ ਵਿਧਾਨ ਸਭਾ ਨੇ ਵੀ ਭਰੋਸੇ ਦਾ ਵੋਟ ਹਾਸਿਲ ਕੀਤਾ ਪਰ ਕਿਸੇ ਵਿਧਾਇਕ ਨੇ ਵਿਚੋਲਗੀ ਕਰਨ ਵਾਲੇ ਕਿਸੇ ਵਿਅਕਤੀ ਦਾ ਨਾਮ ਨਹੀਂ ਸੀ ਲਿਆ ਅਤੇ ਨਾ ਹੋ ਕੋਈ ਰਿਪੋਰਟ ਦਰਜ ਕਰਵਾਈ ਸੀ। ਪੰਜਾਬ ਦੇ 'ਆਪ' ਵਿਧਾਇਕ ਦੁਆਰਾ ਵਿਚੋਲਗੀ ਕਰਨ ਵਾਲੇ ਵਿਅਕਤੀਆਂ ਅਤੇ ਭਾਜਪਾ ਦੇ ਆਗੂਆਂ ਦੇ ਨਾਮ ਲਏ ਜਾਣ ਕਾਰਨ ਮਾਮਲੇ ਨੇ ਸਿਆਸੀ ਰੰਗਤ ਲੈ ਲਈ ਹੈ।


**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਧਾਦਕ

# ਕੀ 'ਆਪ' ਕਾਂਗਰਸ ਨੂੰ ਪਿੱਛੇ ਛੱਡ ਜਾਏਗੀ ?



ਗੁਰਮੀਤ ਸਿੰਘ ਪਲਾਹੀ

**ਕਾਂਗਰਸ ਦਾ ਨਿੱਤ ਗਿਰਦਾ ਗ੍ਰਾਫ਼, ਆਮ ਆਦਮੀ ਪਾਰਟੀ ਨੂੰ ਜਗਾਹ ਦੇ ਰਿਹਾ ਹੈ। ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਫਿਰ ਕਰਨਾਟਕ 'ਚ ਆਮ ਆਦਮੀ ਪਾਰਟੀ ਲਈ ਅੱਗੇ ਵੱਧਣ ਦਾ ਮੌਕਾ ਹੈ। ਕਾਂਗਰਸ ਦੀ ਸਮੱਸਿਆ ਇਹ ਹੈ ਕਿ ਇਹ ਇਕੋ ਵੇਲੇ ਕਈ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਆਉਂਦੀਆਂ ਚੋਣਾਂ ਲਈ ਇਹ ਕੋਈ ਖ਼ਾਸ ਤਿਆਰੀ ਨਹੀਂ ਕਰ ਰਹੀ। ਇਸੇ ਕਰਕੇ 'ਆਪ' ਨੇ ਕਾਂਗਰਸ ਨੂੰ ਨੁਕਰੇ ਲਾਉਣ ਲਈ ਗੁਜਰਾਤ ਵਿੱਚ ਹੀ ਨਹੀਂ, ਦੇਸ਼ ਭਰ 'ਚ ਕਾਂਗਰਸ ਦੇ ਵੋਟ ਬੈਂਕ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਨਿਸ਼ਾਨੇ ਦੀ ਪੂਰਤੀ ਲਈ ਅੱਗੇ ਵਧ ਰਹੀ ਹੈ।**

ਕੁੱਝ ਗੱਲਾਂ ਆਮ ਆਦਮੀ ਪਾਰਟੀ ਸੰਬੰਧੀ ਸਪੱਸ਼ਟ ਹਨ, ਪਹਿਲੀ ਇਹ ਹੈ ਕਿ "ਆਪ" ਇੱਕ ਵਿਅਕਤੀ ਦੀ ਰਹਿਨੁਮਈ ਹੇਠ ਚੱਲ ਰਹੀ ਹੈ। ਦੂਸਰਾ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਕੋਈ ਵਿਚਾਰਧਾਰਾ ਨਹੀਂ ਹੈ ਜਾਂ ਉਸਨੇ ਕੋਈ ਸਿਧਾਂਤਕ ਵਿਚਾਰ ਪੇਸ਼ ਹੀ ਨਹੀਂ ਕੀਤਾ। ਸਿਆਸੀ ਵਿਸ਼ਲੇਸ਼ਕ ਸ਼ਰੂਤੀ ਕਪਿਲਾ ਨੇ ਇੱਕ ਥਾਂ ਲਿਖਿਆ ਹੈ ਕਿ ਉਹ 'ਆਪ' ਨੂੰ ਭਾਜਪਾ ਦਾ ਸੁਸਤ, ਦੋਸ਼-ਭਾਵਨਾ ਵਿਰੋਧੀ ਐਡੀਸ਼ਨ ਮੰਨਦੀ ਹੈ।

ਇੱਥੇ ਸਵਾਲ ਉੱਠਦਾ ਹੈ ਕਿ ਕੀ ਸਿਆਸਤ ਵਿਚਾਰਧਾਰਾ ਤੋਂ ਬਿਨਾਂ ਚੱਲ ਸਕਦੀ ਹੈ? ਕੀ ਵਿਚਾਰਧਾਰਾ ਮੁਕਤ ਸਿਆਸਤ ਨੂੰ ਮਜ਼ਬੂਤੀ ਮੰਨਿਆ ਜਾਵੇ ਜਾਂ ਕਮਜ਼ੋਰੀ?

ਆਮ ਆਦਮੀ ਪਾਰਟੀ ਨੇਤਾ-ਵਿਰੋਧ ਦੇ ਨਾਹਰੇ ਨਾਲ ਭਾਰਤੀ ਮੰਚ ਉੱਤੇ ਆਈ। ਉਹ ਸਿਆਸਤ ਨੂੰ ਬੁਰੀ ਚੀਜ਼ ਮੰਨਦੀ ਸੀ। ਅੱਗੇ ਜਾ ਕੇ ਉਹ ਸਿਆਸੀ ਪਾਰਟੀ ਬਣੀ। ਅੱਜ ਉਹ ਕਲਿਆਣਕਾਰੀ ਰੂਪ ਵਿੱਚ ਸਾਡੇ ਸਾਹਮਣੇ ਹੈ। ਪਰ ਕੀ ਉਹ ਭਾਰਤੀ ਸਿਆਸਤ ਉੱਤੇ ਕਾਬਜ਼ ਮੋਦੀ ਦੀ ਭਾਜਪਾ ਦੇ ਰਾਸ਼ਟਰਵਾਦ ਦਾ ਮੁਕਬਾਲਾ ਕਰ ਸਕਦੀ ਹੈ? ਸ਼ਾਇਦ ਨਹੀਂ। ਭਾਵੇਂ ਕਿ 'ਆਪ' ਨੂੰ ਭਾਜਪਾ ਆਰ.ਐਸ.ਐਸ. 'ਬੀ' ਦੀ ਟੀਮ ਕੁੱਝ ਲੋਕ ਕਹਿੰਦੇ ਹਨ। ਪਰ ਉਹ ਹਿੰਦੂਆਂ ਦੀ ਨਰਾਜ਼ਗੀ ਦਾ ਡਰ ਮਨ 'ਚ ਰੱਖਦਿਆਂ ਮੁਸਲਮਾਨਾਂ ਦੇ ਹੱਕ 'ਚ ਨਾ ਬੋਲਣ ਦੀ ਸਾਵਧਾਨੀ ਵਰਤਦੀ ਹੈ। ਲੇਕਿਨ ਉਸ ਨੂੰ ਪਤਾ ਹੈ ਕਿ ਦੇਰ-ਸਵੇਰ ਮੁਸਲਮਾਨਾਂ ਦੀ ਵੋਟ ਉਸਨੂੰ ਹੀ ਮਿਲਣਗੇ।

ਰਾਸ਼ਟਰੀ ਸਿਆਸਤ ਉੱਤੇ ਜੇਕਰ ਨਜ਼ਰ ਮਾਰੀ ਜਾਵੇਂ ਤਾਂ ਦੂਰਦਰਾਜ ਤੱਕ ਦੋ ਐਕਸ਼ਨ ਦਿਖਾਈ ਦੇ ਰਹੇ ਹਨ। ਪਹਿਲਾ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਜੋ ਦੱਖਣ 'ਚ ਗੁਜ਼ਰ ਰਹੀ ਹੈ ਅਤੇ ਦੂਜਾ ਆਮ ਆਦਮੀ ਪਾਰਟੀ ਦਾ ਗੁਜਰਾਤ ਜਿੱਤਣ ਲਈ ਭਾਜਪਾ ਅਤੇ ਕਾਂਗਰਸ ਉੱਤੇ ਵੱਡਾ ਹਮਲਾ ਅਤੇ ਪ੍ਰਚਾਰ।

ਦੋ ਸਾਲ ਪਹਿਲਾਂ 'ਆਪ' ਦਾ "ਸਟਾਰਟ ਅੱਪ" ਪ੍ਰੋਗਰਾਮ ਚਾਲੂ ਹੋਇਆ ਸੀ, ਉਹ ਲਗਾਤਾਰ ਜਾਰੀ ਹੈ। ਦਿੱਲੀ ਤੋਂ ਬਾਅਦ ਪੰਜਾਬ ਵਿੱਚ ਉਸਨੇ ਜਿੱਤ ਪ੍ਰਾਪਤ ਕਰ ਲਈ ਹੈ। ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਅਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣੀ ਹੋਂਦ ਹੀ ਨਹੀਂ ਵਿਖਾ ਰਹੀ ਸਗੋਂ ਭਾਜਪਾ ਅਤੇ ਕਾਂਗਰਸ ਉਤੇ ਹਮਲਾਵਰ ਸਥਿਤੀ ਵਿੱਚ ਹੈ। ਇਹ ਬਿਲਕੁਲ ਸੱਚਾਈ ਹੈ ਕਿ ਸਿਆਸਤ ਵਿੱਚ ਸਿਫ਼ਰ ਸਥਿਤੀ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਅਤੇ ਨਾ ਹੀ ਇਹ ਸਥਿਤੀ ਸਵੀਕਾਰੀ ਜਾਂਦੀ ਹੈ। ਨਰੇਂਦਰ ਮੋਦੀ ਦੀ ਸਖ਼ਸ਼ੀਅਤ ਇਸ ਸਿਫ਼ਰ ਵਾਲੀ ਸਥਿਤੀ ਨੂੰ ਕੇਵਲ ਭਰ ਹੀ ਨਹੀਂ ਰਹੀ ਬਲਕਿ ਉਸਦੇ ਬਾਹਰ ਵੀ ਫੈਲ ਰਹੀ ਹੈ। ਇਹ ਸਿਫ਼ਰ ਦੀ ਸਥਿਤੀ ਵਿਰੋਧੀ ਧਿਰ ਦੀ ਹੈ, ਜੋ ਇਸ ਵਿੱਚ ਨਿਕਲਣ ਲਈ ਯਤਨਸ਼ੀਲ ਹੈ। ਆਮ ਆਦਮੀ ਪਾਰਟੀ ਵੀ ਇਸ ਸਥਿਤੀ 'ਚੋਂ ਨਿਕਲਣ ਲਈ ਯਤਨਸ਼ੀਲ ਹੈ।

ਇਹ ਸਹੀ ਹੈ ਕਿ ਭਾਜਪਾ ਪੂਰਾ ਜ਼ੋਰ ਲਾਕੇ ਵੀ ਦਿੱਲੀ 'ਚ ਕੇਜਰੀਵਾਲ ਨੂੰ ਅਤੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਨੂੰ ਨਹੀਂ ਹਰਾ ਸਕੀ, ਪਰ ਪਿਛਲੇ ਅੱਠ ਸਾਲਾਂ 'ਚ ਭਾਜਪਾ ਨੂੰ ਕੋਈ ਵੱਡੀ ਰਾਸ਼ਟਰੀ ਚਣੌਤੀ ਨਹੀਂ ਮਿਲੀ। ਪਰ ਹਾਂ ਇਹਨਾ ਸਿਆਸੀ ਪਾਰਟੀਆਂ ਨੇ ਭਾਜਪਾ ਦੇ ਜੇਤੂ ਰੱਥ ਨੂੰ ਲਗਾਮ ਲਗਾ ਦਿੱਤੀ ਹੈ। ਕਈ ਖੇਤਰਾਂ 'ਚ ਮਜ਼ਬੂਤ ਦਾਅਵੇਦਾਰਾਂ ਨੇ ਵਿਰੋਧੀ ਧਿਰ ਵਜੋਂ ਕਬਜ਼ਾ ਕੀਤਾ ਹੋਇਆ ਹੈ ਜਾਂ ਕਰ ਰਹੇ ਹਨ। ਮੋਦੀ, ਅਮਿਤ ਸ਼ਾਹ ਅਤੇ ਜੇ.ਪੀ. ਨੱਢਾ ਦੀ ਰਹਿਨੁਮਾਈ 'ਚ ਭਾਜਪਾ ਚਾਹੇ ਜਿੰਨੀ ਵੀ ਮਰਜ਼ੀ ਸਮਰੱਥਵਾਨ, ਜੇਤੂ ਕਿਉਂ ਨਾ ਹੋਵੇ, ਪਰ ਉਹ ਚੀਨ ਦੀ ਕਮਿਊਨਿਸਟ ਪਾਰਟੀ ਵਾਂਗਰ ਨਹੀਂ ਹੈ ਅਤੇ ਇਹ ਵੀ ਸੱਚ ਹੈ ਕਿ ਭਾਰਤ ਚੀਨ ਦੀ ਤਰ੍ਹਾਂ ਇਕੋ ਪਾਰਟੀ ਵਾਲਾ ਦੇਸ਼ ਨਹੀਂ ਬਣ ਸਕਦਾ। ਭਾਰਤ ਰੂਸ ਦੇ ਰਾਸ਼ਟਰਪਤੀ ਪੁਤਿਨ ਵਰਗਾ ਵੀ ਨਹੀਂ ਹੋ ਸਕਦਾ।



ਭਾਰਤ ਦੇ ਸਿਆਸੀ ਦ੍ਰਿਸ਼ ਉਤੇ ਨਜ਼ਰ ਮਾਰੋ, ਜਿਸਦੀਆਂ ਇੱਕ ਤੋਂ ਵੱਧ ਰਾਜਾਂ 'ਚ ਆਪਣੀ ਮੌਜੂਦਗੀ ਹੈ। ਪਰ ਕਾਂਗਰਸ ਜਿਸ ਦਿਸ਼ਾ ਵੱਲ ਚਲ ਰਹੀ ਹੈ, ਉਸਦੀ ਸਥਿਤੀ ਲਗਾਤਾਰ ਕਮਜ਼ੋਰ ਹੋ ਰਹੀ ਹੈ। ਪਿਛਲੇ ਚਾਰ ਸਾਲਾਂ 'ਚ ਇਸਦਾ ਅਧਾਰ ਸੁੰਗੜ ਰਿਹਾ ਹੈ। ਆਖ਼ਰੀ ਵੇਰ ਇਹ ਪਾਰਟੀ ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ 'ਚ ਜੇਤੂ ਰਹੀ, ਇਹ 2018 ਦਾ ਸਾਲ ਸੀ। ਲੇਕਿਨ ਜਲਦੀ ਹੀ ਇਹ ਤਿਲਕਣ ਲੱਗ ਪਈ। ਆਪਣੀ ਪਦ ਯਾਤਰਾ ਅਤੇ ਪ੍ਰਧਾਨਗੀ ਦੀ ਚੋਣ ਤੋਂ ਬਾਅਦ ਕੀ ਹੁੰਦਾ ਹੈ, ਇਹ ਤਾਂ ਬਾਅਦ 'ਚ ਵੇਖਣ ਵਾਲੀ ਗੱਲ ਹੋਏਗੀ, ਪਰ ਰਾਜਸਥਾਨ 'ਚ ਕਾਂਗਰਸ ਦੇ ਵੱਡੇ ਨੇਤਾ ਅਸ਼ੋਕ ਗਹਿਲੋਤ ਵਲੋਂ ਹਾਈ ਕਮਾਂਡ ਨੂੰ ਅੱਖਾਂ ਦਿਖਾਉਣ ਨਾਲ ਇਸ ਵੇਲੇ ਸਥਿਤੀ ਹੋਰ ਵੀ ਨਿੱਘਰ ਗਈ ਹੈ। ਹਾਲਾਂਕਿ ਅਸ਼ੋਕ ਗਹਿਲੋਤ ਨੂੰ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਬਣਾਕੇ ਜਾਣ ਦੀ ਸੰਭਾਵਨਾ ਸੀ। ਇਸ ਵੇਲੇ ਤਾਂ ਕਾਂਗਰਸ ਵਿਰੋਧੀ ਧਿਰ ਵਜੋਂ ਆਪਣੀ ਭੂਮਿਕਾ ਗਵਾ ਰਹੀ ਹੈ ਅਤੇ ਸਿਫ਼ਰ ਸਥਿਤੀ 'ਚ ਜਾ ਰਹੀ ਹੈ। ਇਸੇ ਖਾਲੀ ਜਗਾਹ ਨੂੰ ਭਰਨ ਲਈ ਆਪ ਅੱਗੇ ਵਧ ਰਹੀ ਹੈ। ਇਸ ਪਾਰਟੀ ਨੇ ਮਹੱਤਵਪੂਰਨ ਸੂਬਿਆਂ 'ਚ ਆਪਣੀ ਹਕੂਮਤ ਬਣਾ ਲਈ ਹੈ ਅਤੇ ਨਿੱਤ ਦਿਨ ਹੋਰ ਰਾਜਾਂ 'ਚ ਅੱਗੇ ਵੱਧ ਰਹੀ ਹੈ। ਕਾਂਗਰਸ ਦਾ ਨਿੱਤ ਗਿਰਦਾ ਗ੍ਰਾਫ਼, ਆਮ ਆਦਮੀ ਪਾਰਟੀ ਨੂੰ ਜਗਾਹ ਦੇ ਰਿਹਾ ਹੈ। ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਫਿਰ ਕਰਨਾਟਕ 'ਚ ਆਮ ਆਦਮੀ ਪਾਰਟੀ ਲਈ ਅੱਗੇ ਵੱਧਣ ਦਾ ਮੌਕਾ ਹੈ। ਕਾਂਗਰਸ ਦੀ ਸਮੱਸਿਆ ਇਹ ਹੈ ਕਿ ਇਹ ਇਕੋ ਵੇਲੇ ਕਈ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਆਉਂਦੀਆਂ ਚੋਣਾਂ ਲਈ ਇਹ ਕੋਈ ਖ਼ਾਸ ਤਿਆਰੀ ਨਹੀਂ ਕਰ ਰਹੀ। ਇਸੇ ਕਰਕੇ 'ਆਪ' ਨੇ ਕਾਂਗਰਸ ਨੂੰ ਨੁਕਰੇ ਲਾਉਣ ਲਈ ਗੁਜਰਾਤ ਵਿੱਚ ਹੀ ਨਹੀਂ, ਦੇਸ਼ ਭਰ 'ਚ ਕਾਂਗਰਸ ਦੇ ਵੋਟ ਬੈਂਕ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਨਿਸ਼ਾਨੇ ਦੀ ਪੂਰਤੀ ਲਈ ਅੱਗੇ ਵਧ ਰਹੀ ਹੈ।

ਕਾਂਗਰਸ ਦੇ ਵੋਟਰ ਪਿਛਲੇ ਇੱਕ ਦਹਾਕੇ ਤੋਂ ਬਦਲ ਲੱਭ ਰਹੇ ਹਨ। ਆਂਧਰਾ ਪ੍ਰਦੇਸ਼ 'ਚ ਤਿਲੰਗਾਨਾ ਅਤੇ ਮਹਾਰਾਸ਼ਟਰ ਵਿੱਚ ਵੀ ਇਹ ਕਹਾਣੀ ਦੁਹਰਾਈ ਜਾ ਰਹੀ ਹੈ। ਬੰਗਾਲ 'ਚ ਮਮਤਾ ਬੈਨਰਜੀ ਨੇ ਕਾਂਗਰਸ ਦੀ ਥਾਂ ਲੈ ਲਈ ਅਤੇ ਕਾਂਗਰਸ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ ਹੈ। ਦਿੱਲੀ ਅਤੇ ਪੰਜਾਬ 'ਚ ਕਾਂਗਰਸ ਦਾ ਸਫਾਇਆ 'ਆਪ' ਨੇ ਕਰ ਦਿੱਤਾ ਹੈ। ਸੋ ਦੇਸ਼ ਭਰ 'ਚ ਕਾਂਗਰਸ ਦੇ ਠੋਸ ਵੋਟਰਾਂ ਲਈ ਮੈਦਾਨ ਖੁਲ੍ਹਾ ਪਿਆ ਹੈ। 'ਆਪ' ਹੀ ਇੱਕ ਇਹੋ ਜਿਹੀ ਪਾਰਟੀ ਹੈ, ਜੋ ਇਹਨਾ ਵੋਟਰਾਂ ਦੇ ਪਿੱਛੇ ਪਈ ਹੋਈ ਹੈ।


ਉਹ ਭਾਜਪਾ ਨਾਲ ਸਿੱਧੀ ਟੱਕਰ ਨਹੀਂ ਲੈਣਾ ਚਾਹੁੰਦੀ। ਉਹ ਭਾਜਪਾ 'ਤੇ ਸਵਾਲ ਉਠਾਵੇਗੀ, ਉਸਦੀ ਅਲੋਚਨਾ ਕਰੇਗੀ, ਪਰ ਭਾਜਪਾ ਦੀਆਂ ਵੋਟਾਂ ਨੂੰ ਨਿਸ਼ਾਨਾ ਬਨਾਉਣ ਲਈ ਉਹ ਸਮਾਂ ਬਰਬਾਦ ਨਹੀਂ ਕਰੇਗੀ। ਜੇਕਰ 'ਆਪ' ਇਹਨਾ ਰਾਜਾਂ 'ਚ ਕਾਂਗਰਸ ਦੀਆਂ ਵੋਟਾਂ 'ਤੇ ਕਬਜ਼ਾ ਕਰ ਲਵੇ ਤਾਂ ਉਹ 2024 ਅਤੇ ਉਸ ਤੋਂ ਅੱਗੇ ਚੋਣਾਂ 'ਚ ਆਪਣੀ ਨੀਂਹ ਤਿਆਰ ਕਰ ਲਵੇਗੀ।

ਇਸ ਪਾਸੇ ਵੱਲ ਵਧਦੇ 'ਆਪ' ਦੇ ਕਦਮ ਉਸਨੂੰ ਉੱਚੇ ਮੰਚ ਅਤੇ ਵੱਡੀ ਜਮਾਤ 'ਚ ਸ਼ਾਮਲ ਕਰ ਦੇਣਗੇ। ਗੁਜਰਾਤ ਨੂੰ ਜਿੱਤਣ ਦੀ ਉਸਨੂੰ ਜ਼ਰੂਰਤ ਨਹੀਂ ਹੈ, ਉਥੇ ਜੇਕਰ ਉਹ 10-15 ਸੀਟਾਂ ਜਿੱਤ ਲੈਂਦੀ ਹੈ ਤਾਂ ਉਹ ਇੱਕ ਉਭਰਦੀ ਹੋਈ ਸਿਆਸੀ ਦਲ ਦਾ ਦਾਅਵਾ ਮਜ਼ਬੂਤ ਕਰ ਲਵੇਗੀ।

ਭਾਜਪਾ, 1980 'ਚ ਜਨਸੰਘ ਦੀ ਛਾਇਆ ਤੋਂ ਬਾਹਰ ਨਿਕਲੀ ਸੀ, ਇਸ ਲਈ ਉਸਨੂੰ ਸਟਾਰਟ ਅੱਪ ਨਹੀਂ ਕਿਹਾ ਜਾ ਸਕਦਾ, ਇਸੇ ਤਰ੍ਹਾਂ ਕਾਂਗਰਸ (ਆਈ) ਮੂਲ ਕਾਂਗਰਸ ਵਿਚੋਂ ਨਿਕਲੀ ਸੀ, ਜਨਤਾ ਦਲ ਸੰਯੁਕਤ, ਵਿਧਾਇਕ ਦਲ ਅਤੇ ਲੋਹੀਆਬਾਦੀ ਸਮਾਜਵਾਦੀਆਂ ਦੇ ਟੁਕੜੇ 1977-80 ਦੇ ਦੌਰ ਵਿੱਚ ਜਨਤਾ ਪਾਰਟੀ ਵਿਚੋਂ ਨਿਕਲੇ। ਬਾਕੀ ਦੂਜੇ ਦਲ ਆਪਣੇ-ਆਪਣੇ ਸੂਬਿਆਂ 'ਚ ਜੰਮੇ ਰਹੇ। ਗੁਜਰਾਤ ਵਿੱਚ ਦਰਜਨ ਭਰ ਸੀਟਾਂ ਅਤੇ ਹਿਮਾਚਲ 'ਚ ਗਿਣਤੀ ਲਾਇਕ ਸੀਟਾਂ ਆਪ ਲਈ ਸੋਨੇ ਤੇ ਸੁਹਾਗੇ ਜਿਹੀਆਂ ਹੋਣਗੀਆਂ ਅਤੇ ਨਵੀਂ ਅਖਿਲ ਭਾਰਤੀ ਪਾਰਟੀ ਬਨਣ ਦਾ ਉਸਦਾ ਸੁਪਨਾ ਪੂਰਾ ਕਰਨਗੀਆਂ। ਮੋਦੀ ਭਾਜਪਾ ਦੇ ਆਲੋਚਕ, 'ਆਪ' ਦੀ ਖੁਲ੍ਹਕੇ ਤਾਰੀਫ਼ ਨਹੀਂ ਕਰ ਰਹੇ, ਉਸਦਾ ਕਾਰਨ ਹੈ ਕਿ ਉਹ ਇਹ ਸਮਝਦੇ ਹਨ ਕਿ 'ਆਪ' ਦੀ ਵਿਚਾਰਧਾਰਾ ਵਿੱਚ ਸਪਸ਼ਟਤਾ ਨਹੀਂ ਹੈ, ਖ਼ਾਸ ਤੌਰ 'ਤੇ ਧਰਮ ਨਿਰਪੱਖਤਾ ਦੇ ਸਵਾਲ 'ਤੇ।

ਆਮ ਆਦਮੀ ਪਾਰਟੀ ਦਾ ਭਾਵੇਂ ਦੇਸ਼ ਦੀ ਲੋਕ ਸਭਾ 'ਚ ਕੋਈ ਮੈਂਬਰ ਨਹੀਂ ਹੈ, ਪਰ ਰਾਜ ਸਭਾ 'ਚ ਉਸਦੇ 10 ਮੈਂਬਰ ਹਨ ਅਤੇ ਤਿੰਨ ਵਿਧਾਨ ਸਭਾਵਾਂ ਦਿੱਲੀ, ਪੰਜਾਬ, ਗੋਆ ਵਿੱਚ ਉਸਦੇ 156 ਵਿਧਾਇਕ ਹਨ। ਭਾਵ 31 ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿੱਚੋਂ ਦੋ ਉਤੇ ਇਹ ਪਾਰਟੀ ਕਾਬਜ ਹੈ।

# ਔਰਤ ਹੋਣ ਦੀ ਤ੍ਰਾਸਦੀ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

**ਰੋਜ਼ਾਨਾ ਚੰਗੇ ਮਾੜੇ ਲੋਕਾਂ ਨਾਲ ਵਾਹ ਪੈਣ ਕਾਰਨ ਪੁਲਿਸ ਵਾਲਿਆਂ ਨੂੰ ਲੋਕਾਂ ਦਾ ਮਨ ਪੜ੍ਹਨ ਦਾ ਵਲ ਆ ਜਾਂਦਾ ਹੈ। ਇਸ ਕਾਰਨ ਮੈਂ ਵੀ ਸਮਝ ਗਿਆ ਕਿ ਇਸ ਸ਼ਾਂਤ ਚਿਹਰੇ ਦੇ ਪਿੱਛੇ ਕੋਈ ਭਿਆਨਕ ਜਵਾਲਾਮੁਖੀ ਉੱਬਲ ਰਿਹਾ ਹੈ ਜੋ ਜਲਦੀ ਹੀ ਫਟ ਜਾਵੇਗਾ। ਸਾਰਿਆਂ ਦੀ ਗੱਲ ਸੁਣਨ ਤੋਂ ਬਾਅਦ ਮੈਂ ਰਾਣੀ ਨੂੰ ਆਪਣਾ ਪੱਖ ਦੱਸਣ ਲਈ ਕਿਹਾ ਤਾਂ ਉਸ ਦਾ ਕਈ ਸਾਲਾਂ ਤੋਂ ਦੱਬਿਆ ਪਿਆ ਗੁੱਸਾ ਭੜਕ ਉੱਠਿਆ, ਉਡੀ.ਐਸ.ਪੀ ਸਾਹਿਬ, ਮੈਨੂੰ ਏਡਜ਼ ਹੈ ਤੇ ਮੇਰੀ ਬੱਚੀ ਨੂੰ ਵੀ ਏਡਜ਼ ਹੈ।**

ਸਾਡੇ ਸਮਾਜ ਵਿੱਚ ਔਰਤ ਦਾ ਮਤਲਬ ਦੂਸਰੇ ਦਰਜ਼ੇ ਦਾ ਸ਼ਹਿਰੀ ਹੋਣਾ ਹੈ। ਇਸ ਅਧੁਨਿਕ ਕਾਲ ਵਿੱਚ ਵੀ ਪੁਰਸ਼ ਪ੍ਰਧਾਨ ਸਮਾਜ ਹੋਣ ਕਾਰਨ ਹਰ ਜਗ੍ਹਾ 'ਤੇ ਔਰਤ ਨੂੰ ਦਬਾਇਆ ਜਾਂਦਾ ਹੈ। ਅੱਜ ਬਹੁਤ ਸਾਰੀਆਂ ਔਰਤਾਂ ਪੜ੍ਹ ਲਿਖ ਕੇ ਨੌਕਰੀਆਂ ਕਰਨ ਲੱਗ ਪਈਆਂ ਹਨ ਪਰ ਉਨ੍ਹਾਂ ਵਿੱਚੋਂ ਵੀ ਕਈਆਂ ਨੂੰ ਕੰਮ ਦੀ ਜਗ੍ਹਾ 'ਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤੀਆਂ ਨੌਕਰੀ ਪੇਸ਼ਾ ਔਰਤਾਂ ਦੀ ਤਨਖਾਹ ਆਦਿ ਦਾ ਹਿਸਾਬ ਉਨ੍ਹਾਂ ਦੇ ਪਤੀ ਰੱਖਦੇ ਹਨ। ਵੇਖਿਆ ਗਿਆ ਹੈ ਕਿ ਪੰਚ, ਸਰਪੰਚ, ਐਮ.ਸੀ., ਮੇਅਰ, ਐਮ.ਐਲ.ਏ, ਐਮ.ਪੀ. ਅਤੇ ਇੱਥੋਂ ਤੱਕ ਕਿ ਮੰਤਰੀ ਬਣਨ ਵਾਲੀਆਂ ਜਿਆਦਾਤਰ ਔਰਤਾਂ ਦੀ ਰਾਜਨੀਤਕ ਤਾਕਤ ਦਾ ਇਸਤੇਮਾਲ ਉਨ੍ਹਾਂ ਦੇ ਪਤੀ ਜਾਂ ਪੁੱਤਰ ਕਰਦੇ ਹਨ।

ਕਈ ਸਾਲ ਪਹਿਲਾਂ ਬਟਾਲੇ ਪੁਲਿਸ ਜਿਲ੍ਹੇ ਦੀ ਇੱਕ ਸਬ ਡਵੀਜ਼ਨ ਵਿਖੇ ਤਾਇਨਾਤੀ ਦੌਰਾਨ ਅਜਿਹਾ ਹੀ ਇੱਕ ਕੇਸ ਮੇਰੇ ਕੋਲ ਆਇਆ ਸੀ। ਇੱਕ ਦਿਨ ਮੈਂ ਦਫਤਰ ਬੈਠਾ ਹੋਇਆ ਸੀ ਤਾਂ ਏਡਜ਼ ਦੇ ਕੇਸਾਂ ਲਈ ਬਦਨਾਮ ਇੱਕ ਪਿੰਡ ਦਾ ਸਰਪੰਚ 5 - 7 ਮੋਹਤਬਰਾਂ ਨਾਲ ਮੇਰੇ ਦਫਤਰ ਆਇਆ। ਉਸ ਨੇ ਆ ਕੇ ਪੰਚਾਇਤ ਵੱਲੋਂ ਇੱਕ ਦਰਖਾਸਤ ਦਿੱਤੀ ਕਿ ਉਸ ਦੇ ਪਿੰਡ ਦੀ ਇੱਕ ਵਿਧਵਾ ਔਰਤ ਰਾਣੀ (ਕਾਲਪਨਿਕ ਨਾਮ) ਏਡਜ਼ ਨਾਲ ਪੀੜਤ ਹੈ। ਉਸ ਦੇ ਪਿੰਡ ਦੇ ਅਨੇਕਾਂ ਵਿਅਕਤੀਆਂ ਨਾਲ ਸਬੰਧ ਹਨ ਜਿਸ ਕਾਰਨ ਪਿੰਡ ਵਿੱਚ ਏਡਜ਼ ਦੀ ਬਿਮਾਰੀ ਫੈਲ ਰਹੀ ਹੈ। ਇਸ ਲਈ ਉਸ ਨੂੰ ਪਿੰਡ ਵਿੱਚੋਂ ਬਾਹਰ ਕੱਢਿਆ ਜਾਵੇ। ਮੈਂ ਸਰਪੰਚ ਨੂੰ ਸਮਝਾਇਆ ਕਿ ਪੁਲਿਸ ਕੋਲ ਅਜਿਹੀ ਕੋਈ ਕਾਨੂੰਨੀ ਤਾਕਤ ਨਹੀਂ ਹੁੰਦੀ ਕਿ ਕਿਸੇ ਨੂੰ ਪਿੰਡ ਵਿੱਚੋਂ ਕੱਢ ਸਕੇ। ਇਸ ਕੰਮ ਲਈ ਡੀ.ਸੀ., ਐਸ.ਡੀ.ਐਮ. ਜਾਂ ਫਿਰ ਅਦਾਲਤ ਵਿੱਚ ਕੇਸ ਕੀਤਾ ਜਾ ਸਕਦਾ ਹੈ। ਮੈਂ ਸਰਪੰਚ ਨੂੰ ਪੁੱਛਿਆ ਕਿ ਏਡਜ਼ ਫੈਲਾਉਣ ਵਿੱਚ ਰਾਣੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦਾ ਵੀ ਬਰਾਬਰ ਦਾ ਕਸੂਰ ਹੈ, ਉਨ੍ਹਾਂ ਨੂੰ ਕਿਉਂ ਨਹੀਂ ਪੰਚਾਇਤ ਪਿੰਡੋਂ ਕੱਢਦੀ? ਸਰਪੰਚ ਪੂਰੀ ਬੇਸ਼ਰਮੀ ਨਾਲ ਹੱਸ ਕੇ ਬੋਲਿਆ ਕਿ ਉਹ ਤਾਂ ਉਸ ਦੇ ਧੜੇ ਦੇ ਬੰਦੇ ਹਨ।



ਪਰ ਲੋਕਾਂ ਨੂੰ ਹਰ ਕੰਮ ਜਲਦੀ ਕਰਵਾਉਣ ਲਈ ਪੁਲਿਸ ਹੀ ਸਭ ਤੋਂ ਸੌਖਾ ਜ਼ਰੀਆ ਲੱਗਦੀ ਹੈ। ਸਰਪੰਚ ਸੱਤਾਧਾਰੀ ਪਾਰਟੀ ਨਾਲ ਸਬੰਧ ਰੱਖਦਾ ਸੀ, ਉਸ ਨੇ ਮੈਨੂੰ ਐਮ.ਐਲ.ਏ. (ਜੋ ਕਿ ਕਿਸੇ ਸੁਰੱਖਿਆ ਫੋਰਸ ਤੋਂ ਰਿਟਾਇਰਡ ਸੀ ਤੇ ਮਹਾਂ ਬਦਤਮੀਜ਼ ਵਿਅਕਤੀ ਸੀ) ਕੋਲੋਂ ਫੋਨ ਕਰਵਾਉਣੇ ਸ਼ੁਰੂ ਕਰ ਦਿੱਤੇ। ਆਖਰ ਅੱਕ ਕੇ ਮੈਂ ਦੋ ਕੁ ਹਫਤਿਆਂ ਬਾਅਦ ਪੰਚਾਇਤ ਅਤੇ ਰਾਣੋ ਨੂੰ ਆਪਣੇ ਦਫਤਰ ਬੁਲਾ ਲਿਆ। ਰਾਣੋ 26 ਕੁ ਸਾਲ ਦੀ ਸੋਹਣੀ ਸੁਨੱਖੀ ਔਰਤ ਸੀ ਤੇ ਕਿਸੇ ਪਾਸਿਉਂ ਵੀ ਇਹ ਨਹੀਂ ਸੀ ਮਾਲੂਮ ਹੁੰਦਾ ਕਿ ਉਸ ਨੂੰ ਏਡਜ਼ ਦੀ ਬਿਮਾਰੀ ਹੋ ਸਕਦੀ ਹੈ। ਵੈਸੇ ਵੀ ਏਡਜ਼ ਦੇ ਮਰੀਜ਼ ਵਿੱਚ ਬਿਮਾਰੀ ਦੇ ਲੱਛਣ 10 - 12 ਸਾਲ ਬਾਅਦ ਦਿਸਣੇ ਸ਼ੁਰੂ ਹੁੰਦੇ ਹਨ। ਜਦੋਂ ਸਾਰੇ ਨਿੱਠ ਕੇ ਬੈਠ ਗਏ ਤਾਂ ਸਰਪੰਚ ਨੇ ਸਿਆਣਾ ਜਿਹਾ ਬਣ ਕੇ ਗੱਲ ਸ਼ੁਰੂ ਕੀਤੀ। ਉਸ ਦੀ ਗੱਲ ਬਾਤ ਤੋਂ ਇਹ ਸਾਹਮਣੇ ਆਇਆ ਕਿ ਰਾਣੀ ਦੇ ਵਿਆਹ ਨੂੰ 6 - 7 ਸਾਲ ਹੋ ਗਏ ਹਨ ਤੇ 4-5 ਸਾਲ ਦੀ ਇੱਕ ਬੇਟੀ ਹੈ। ਉਸ ਦਾ ਪਤੀ ਡਰੱਕ ਡਰਾਈਵਰ ਸੀ, ਜਿਸ ਦੀ ਏਡਜ਼ ਕਾਰਨ ਤਿੰਨ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਉਸ ਨੇ ਹੀ ਬਾਹਰ ਖੇਹ ਖਰਾਬਾ ਕਰ ਕੇ ਏਡਜ਼ ਸਹੇੜੀ ਸੀ ਤੇ ਰਾਣੀ ਨੂੰ ਲਾਗ ਲਗਾਈ ਸੀ।

ਉਸ ਦੀ ਮੌਤ ਤੋਂ ਬਾਅਦ ਰਾਣੀ ਬਜਾਏ ਆਪਣੇ ਪੇਕੇ ਜਾਣ ਦੇ ਇਥੇ ਹੀ ਰਹਿ ਰਹੀ ਸੀ। ਉਸ ਦੇ ਪਿੰਡ ਦੇ ਕਈ ਵਿਅਕਤੀਆਂ ਨਾਲ ਸਬੰਧ ਬਣ ਗਏ ਸਨ, ਕਿਉਂਕਿ ਜ਼ਮੀਨ ਜਾਇਦਾਦ ਨਾ ਹੋਣ ਕਾਰਨ ਉਸ ਕੋਲ ਕਮਾਈ ਦਾ ਹੋਰ ਕੋਈ ਸਾਧਨ ਨਹੀਂ ਸੀ ਤੇ ਦਿਉਰ ਜੇਠ ਉਸ ਦੀ ਕੋਈ ਆਰਥਿਕ ਮਦਦ ਨਹੀਂ ਸਨ ਕਰਦੇ। ਅਸੁਰੱਖਿਅਤ ਸਬੰਧਾਂ ਕਾਰਨ ਉਨ੍ਹਾਂ ਵਿਅਕਤੀਆਂ ਨੂੰ ਵੀ ਏਡਜ਼ ਚੰਬੜ ਗਈ ਸੀ। ਇਸ ਨੂੰ ਪਿੰਡ ਤੋਂ ਬੇਦਖਲ ਕੀਤਾ ਜਾਵੇ ਤਾਂ ਜੋ ਹੋਰ ਲੋਕਾਂ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਬਚਾਇਆ ਜਾ ਸਕੇ। ਸਰਪੰਚ ਦੀ ਇਸ ਗੱਲ ਦੀ ਨਾਲ ਆਏ ਬਾਕੀ ਲੋਕਾਂ ਨੇ ਵੀ ਠੋਕ ਕੇ ਪ੍ਰੋੜਤਾ ਕੀਤੀ। ਸਭ ਤੋਂ ਜਿਆਦਾ ਰੌਲਾ ਰਾਣੀ ਦੇ ਸਹੁਰੇ ਅਤੇ ਦਿਉਰ ਨੇ ਪਾਇਆ ਕਿਉਂਕਿ ਉਹ ਲਾਲਚ ਵਿੱਚ ਅੰਨ੍ਹੇ ਹੋ ਚੁੱਕੇ ਸਨ ਤੇ ਚਾਹੁੰਦੇ ਸਨ ਕਿ ਰਾਣੀ ਜਲਦੀ ਤੋਂ ਜਲਦੀ ਦਫਾ ਹੋਵੇ ਤਾਂ ਜੋ ਉਹ ਉਸ ਦੇ ਮਕਾਨ 'ਤੇ ਕਬਜ਼ਾ ਕਰ ਸਕਣ।

ਰਾਣੀ ਚੁੱਪ ਚਾਪ ਸਾਰੇ ਹੱਲੇ ਗੁੱਲੇ ਨੂੰ ਸੁਣਦੀ ਰਹੀ। ਉਸ ਦੇ ਸ਼ਾਂਤ ਚਿਹਰੇ ਤੋਂ ਲੱਗ ਰਿਹਾ ਸੀ ਕਿ ਪਿੰਡ ਵਾਲਿਆਂ ਦੀ ਚਿੱਲ ਪੌਂ ਦਾ ਉਸ 'ਤੇ ਕੋਈ ਖਾਸ ਅਸਰ ਨਹੀਂ ਹੋ ਰਿਹਾ। ਰੋਜ਼ਾਨਾ ਚੰਗੇ ਮਾੜੇ ਲੋਕਾਂ ਨਾਲ ਵਾਹ ਪੈਣ ਕਾਰਨ ਪੁਲਿਸ ਵਾਲਿਆਂ ਨੂੰ ਲੋਕਾਂ ਦਾ ਮਨ ਪੜ੍ਹਨ ਦਾ ਵਲ ਆ ਜਾਂਦਾ ਹੈ। ਇਸ ਕਾਰਨ ਮੈਂ ਵੀ ਸਮਝ ਗਿਆ ਕਿ ਇਸ ਸ਼ਾਂਤ ਚਿਹਰੇ ਦੇ ਪਿੱਛੇ ਕੋਈ ਭਿਆਨਕ ਜਵਾਲਾਮੁਖੀ ਉੱਬਲ ਰਿਹਾ ਹੈ ਜੋ ਜਲਦੀ ਹੀ ਫਟ ਜਾਵੇਗਾ। ਸਾਰਿਆਂ ਦੀ ਗੱਲ ਸੁਣਨ ਤੋਂ ਬਾਅਦ ਮੈਂ ਰਾਣੀ ਨੂੰ ਆਪਣਾ ਪੱਖ ਦੱਸਣ ਲਈ ਕਿਹਾ ਤਾਂ ਉਸ ਦਾ ਕਈ ਸਾਲਾਂ ਤੋਂ ਦੱਬਿਆ ਪਿਆ ਗੁੱਸਾ ਭੜਕ ਉੱਠਿਆ, ਉਡੀ.ਐਸ.ਪੀ ਸਾਹਿਬ, ਮੈਨੂੰ ਏਡਜ਼ ਹੈ ਤੇ ਮੇਰੀ ਬੱਚੀ ਨੂੰ ਵੀ ਏਡਜ਼ ਹੈ। ਮੈਂ ਤਾਂ ਪੰਜ ਚਾਰ ਸਾਲ ਵਿੱਚ ਮਰ ਜਾਵਾਂਗੀ, ਪਰ ਦੁੱਖ ਮੈਨੂੰ ਇਸ ਗੱਲ ਦਾ ਹੈ ਕਿ ਮੇਰੇ ਮਰਨ ਤੋਂ ਬਾਅਦ ਇਸ ਬੇਗੁਨਾਹ ਮਾਸੂਮ ਬੱਚੀ ਨੇ ਪਤਾ ਨਹੀਂ ਕਿਵੇਂ ਦਰ ਦਰ ਧੱਕੇ ਖਾ ਕੇ ਮਰਨਾ ਹੈ।"

ਸਾਰੀ ਪੰਚਾਇਤ ਚੁੱਪ ਹੋ ਗਈ ਤੇ ਰਾਣੀ ਆਪਣੇ ਸਹੁਰੇ ਵੱਲ ਇਸ਼ਾਰਾ ਕਰ ਕੇ ਬੋਲੀ, ਉਡੀ.ਐਸ.ਪੀ. ਸਾਹਿਬ, ਇਸ ਨੀਚ ਤੇ ਪਾਪੀ ਇਨਸਾਨ ਨੂੰ ਪੁੱਛੋ ਕਿ ਜਦੋਂ ਇਸ ਦੇ ਮੁੰਡੇ ਦਾ ਮੇਰੇ ਨਾਲ ਵਿਆਹ ਹੋਇਆ ਸੀ, ਉਦੋਂ ਇਸ ਨੂੰ ਪਤਾ ਸੀ ਨਾ ਕਿ ਉਸ ਨੂੰ ਏਡਜ਼ ਹੈ?" ਕੁਝ ਦੇਰ ਪਹਿਲਾਂ ਭੁੜਕ ਭੁੜਕ ਕੇ ਬੋਲਣ ਵਾਲੇ ਰਾਣੀ ਦੇ ਸਹੁਰੇ ਨੇ ਮਰੇ ਹੋਏ ਕੁੱਤੇ ਵਾਂਗ ਸਿਰ ਸੁੱਟ ਲਿਆ ਤੇ ਬੋਲਿਆ ਕਿ ਉਸ ਨੂੰ ਪਤਾ ਸੀ। ਇਸ ਤੋਂ ਬਾਅਦ ਰਾਣੀ ਪੰਚਾਇਤ ਵੱਲ ਹੋ ਗਈ, ਉਇਸ ਸਰਪੰਚ ਤੇ ਨਾਲ ਆਈ ਇਸ ਲਗੌੜ ਨੂੰ ਵੀ ਪਤਾ ਸੀ ਕਿ ਨਹੀਂ ਇਸ ਗੱਲ ਬਾਰੇ?" ਸਰਪੰਚ ਨੂੰ ਧਰਤੀ ਵਿਹਲ ਨਾ ਦੇਵੇ। ਉਹ ਵੀ ਮੰਨ ਗਿਆ ਕਿ ਤਕਰੀਬਨ ਸਾਰੇ ਪਿੰਡ ਨੂੰ ਪਤਾ ਸੀ।

ਰਾਣੀ ਰੋਂਦੀ ਹੋਈ ਬੋਲਦੀ ਗਈ ਜਿਵੇਂ ਅੱਜ ਉਸ ਨੂੰ ਕਿਸੇ ਦੀ ਪ੍ਰਵਾਹ ਨਾ ਹੋਵੇ, ਉਤੁਹਾਡੇ ਸਾਰਿਆਂ ਦਾ ਬੇੜਾ ਗਰਕ ਹੋ ਜਾਵੇ। ਅੱਜ ਪਿੰਡ ਨੂੰ ਮੇਰੀ ਏਡਜ਼ ਦਿਸ ਰਹੀ ਹੈ, ਪਰ ਵਿਆਹ ਵੇਲੇ ਮੇਰੇ ਪਤੀ ਦੀ ਏਡਜ਼ ਨਾ ਦਿਖੀ? ਮੈਂ ਏਡਜ਼ ਪੇਕਿਆਂ ਤੋਂ ਲੈ ਕੇ ਆਈ ਸੀ? ਮੇਰਾ ਕੀ ਕਸੂਰ ਸੀ ਜੋ ਤੁਸੀਂ ਮੇਰੇ ਨਾਲ ਐਨਾਂ ਵੱਡਾ ਧ੍ਰੋਹ ਕਮਾਇਆ। ਵੇਖ ਲਿਉ ਤੁਸੀਂ ਸਾਰੇ ਕੀੜੇ ਪੈ ਕੇ ਮਰੋਗੇ। ਮੇਰੇ ਨਾਲ ਕੀਤਾ ਪਾਪ ਤਾਂ ਰੱਬ ਸ਼ਾਇਦ ਮਾਫ ਵੀ ਕਰ ਦੇਵੇ, ਪਰ ਇਸ ਛੋਟੀ ਬੱਚੀ ਨਾਲ ਕੀਤਾ ਗਿਆ ਬਜ਼ਰ ਪਾਪ ਉਸ ਨੇ ਮਾਫ ਕਦੇ ਨਹੀਂ ਕਰਨਾ। ਤੁਹਾਨੂੰ ਨਰਕ ਵਿੱਚ ਵੀ ਢੋਈ ਨਹੀਂ ਮਿਲਣੀ। ਚਲੋ ਮੈਂ ਚਲੀ ਜਾਂਦੀ ਆਂ ਪਿੰਡ ਛੱਡ ਕੇ, ਕਰੋ ਕੋਈ ਬਾਂਹ ਖੜੀ ਜਿਹੜਾ ਮੇਰੇ ਮਰਨ ਤੋਂ ਬਾਅਦ ਮੇਰੀ ਬੇਟੀ ਦੀ ਸਾਂਭ ਸੰਭਾਲ ਕਰੇਗਾ।" ਅਜੇ ਉਸ ਦੀ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਸਾਰੇ ਜਣੇ ਦਫਤਰ ਤੋਂ ਖਿਸਕ ਗਏ। ਦੁਬਾਰਾ ਕਈ ਹਫਤੇ ਤੱਕ ਮੈਨੂੰ ਉਸ ਸਰਪੰਚ ਦਾ ਮਨਹੂਸ ਚਿਹਰਾ ਵੇਖਣ ਨੂੰ ਨਾ ਮਿਲਿਆ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ, ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਡੇਰਾ ਸਿਰਸਾ ’ਤੇ ਹੁਣ ਹਨੀਪ੍ਰੀਤ ਦਾ ਏਕਾਧਿਕਾਰ

## ਰਾਮ ਰਹੀਮ ਦਾ ਪਰਿਵਾਰ ਵਿਦੇਸ਼ ’ਚ ਵਸਿਆ, ਬੇਟੀਆਂ ਤੋਂ ਬਾਅਦ ਬੇਟਾ ਵੀ ਲੰਡਨ ਗਿਆ; ਮਾਂ ਅਤੇ ਪਤਨੀ ਭਾਰਤ ਵਿੱਚ ਰਹਿਣਗੇ

ਹਿਸਾਰ (ਪੰਜਾਬੀ ਅਖਬਾਰ ਬਿਊਰੋ)- ਹਨੀਪ੍ਰੀਤ ਨੇ ਹੁਣ ਹਰਿਆਣਾ ਦੇ ਸਿਰਸਾ ਸਥਿਤ ਡੇਰਾ ਸੱਚਾ ਸੌਦਾ ’ਤੇ ਏਕਾਧਿਕਾਰ ਬਣਾ ਲਿਆ ਹੈ ਕਿਉਂਕਿ ਰਾਮ ਰਹੀਮ ਦਾ ਪੂਰਾ ਪਰਿਵਾਰ ਵਿਦੇਸ਼ ’ਚ ਸੈਟਲ ਹੋ ਚੁੱਕਾ ਹੈ। ਰਾਮ ਰਹੀਮ ਦੀਆਂ ਦੋ ਬੇਟੀਆਂ ਅਮਰਪ੍ਰੀਤ ਅਤੇ ਚਰਨਪ੍ਰੀਤ ਕੌਰ ਅਤੇ ਬੇਟਾ ਜਸਮੀਤ ਪਰਿਵਾਰ ਸਮੇਤ ਲੰਡਨ ’ਚ ਸੈਟਲ ਹੋ ਗਏ ਹਨ। ਹਾਲਾਂਕਿ ਡੇਰਾ ਮੁਖੀ ਦੀ ਮਾਂ ਨਸੀਬ ਕੌਰ ਅਤੇ ਪਤਨੀ ਹਰਜੀਤ ਕੌਰ ਭਾਰਤ ’ਚ ਹੀ ਰਹਿਣਗੀਆਂ। ਰਾਮ ਰਹੀਮ ਦੀਆਂ ਦੋ ਬੇਟੀਆਂ ਅਮਰਪ੍ਰੀਤ ਅਤੇ ਚਰਨਪ੍ਰੀਤ ਪਹਿਲਾਂ ਹੀ ਲੰਡਨ ਜਾ ਚੁੱਕੀਆਂ ਸਨ।26 ਸਤੰਬਰ ਨੂੰ ਬੇਟਾ ਜਸਮੀਤ ਵੀ ਪਰਿਵਾਰ ਨਾਲ ਲੰਡਨ ਗਿਆ ਸੀ।

**ਹਨੀਪ੍ਰੀਤ ਨਾਲ ਵਿਵਾਦ, ਪਰਿਵਾਰ ਦੇ ਵਿਦੇਸ਼ ਜਾਣ ਦਾ ਕਾਰਨ**

ਰਾਮ ਰਹੀਮ ਦੇ ਪਰਿਵਾਰ ਦੇ ਵਿਦੇਸ਼ ’ਚ ਸੈਟਲ ਹੋਣ ਦਾ ਕਾਰਨ ਹਨੀਪ੍ਰੀਤ ਨਾਲ ਪਰਿਵਾਰਕ ਮੈਂਬਰਾਂ ਦੇ ਮਤਭੇਦ ਹਨ। ਕੁਝ ਸਮਾਂ ਪਹਿਲਾਂ ਪਰਿਵਾਰ ਨੇ ਪੈਰੋਕਾਰਾਂ ਨੂੰ ਪੱਤਰ ਵੀ ਜਾਰੀ ਕੀਤਾ ਸੀ। ਕਿਹਾ ਗਿਆ ਸੀ ਕਿ ਪਰਮਾਰਥ (ਡੇਰਾ ਸੱਚਾ ਸੌਦਾ ਵਿਚ ਇਕੱਠਾ ਹੋਣ ਵਾਲਾ ਚੰਦਾ) ਲਈ ਉਸ ਦੇ ਨਾਂ ’ਤੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ। ਪਰਿਵਾਰ ਨੇ ਪੱਤਰ ’ਚ ਅਪੀਲ ਕੀਤੀ ਸੀ ਕਿ ਜੇਕਰ ਕੋਈ ਪਰਿਵਾਰ ਦੇ ਨਾਂ ’ਤੇ ਚੰਦਾ ਇਕੱਠਾ ਕਰ ਰਿਹਾ ਹੈ ਤਾਂ ਉਸ ਦੀ ਸੂਚਨਾ ਪਰਿਵਾਰ ਨੂੰ ਦਿੱਤੀ ਜਾਵੇ। ਰਾਮ ਰਹੀਮ ਦੇ ਪਰਿਵਾਰ ਨੇ 2016 ’ਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਪਹਿਲੀ ਵਾਰ ਆਪਣੇ ਪੈਰੋਕਾਰਾਂ ਨੂੰ ਅਜਿਹਾ ਪੱਤਰ ਜਾਰੀ ਕੀਤਾ ਸੀ। ਪਰਿਵਾਰ ਮੁਤਾਬਕ ਉਸ ਦੇ ਨਾਂ ਦੀ ਦੁਰਵਰਤੋਂ ਬੰਦ ਹੋਣੀ ਚਾਹੀਦੀ ਹੈ।

**ਡੇਰੇ ’ਤੇ ਹੁਣ ਹਨੀਪ੍ਰੀਤ ਦਾ ਏਕਾਧਿਕਾਰ**

ਹਨੀਪ੍ਰੀਤ ਦੇ ਰਾਮ ਰਹੀਮ ਦੇ ਪਰਿਵਾਰ ਨਾਲ ਪਹਿਲਾਂ ਵੀ ਮਤਭੇਦ ਰਹੇ ਹਨ। ਡੇਰਾ ਮੁਖੀ ਰਾਮ ਰਹੀਮ ਨੇ ਜੇਲ੍ਹ ਤੋਂ ਜਾਰੀ ਆਪਣੇ 9ਵੇਂ ਪੱਤਰ ਵਿੱਚ ਪਰਿਵਾਰ ਅਤੇ ਹਨੀਪ੍ਰੀਤ ਵਿਚਾਲੇ ਇੱਕਜੁਟਤਾ ਬਾਰੇ ਖੁਦ ਸਪੱਸ਼ਟੀਕਰਨ ਦਿੱਤਾ ਹੈ। 2016 ਵਿੱਚ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਜਦੋਂ ਡੇਰਾ ਮੁਖੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਤਾਂ ਹਨੀਪ੍ਰੀਤ ਉਸ ਦੇ ਨਾਲ ਸੀ। ਪੰਚਕੂਲਾ ਹਿੰਸਾ ਮਾਮਲੇ ਵਿੱਚ ਹਨੀਪ੍ਰੀਤ ਵੀ ਜੇਲ੍ਹ ਗਈ ਸੀ। ਡੇਰਾ ਮੁਖੀ ਦੇ ਪਰਿਵਾਰ ਦੇ ਵਿਦੇਸ਼ ਜਾਣ



ਤੋਂ ਬਾਅਦ ਹੁਣ ਹਨੀਪ੍ਰੀਤ ਡੇਰਾ ਮੁਖੀ ਦੀ ਸਭ ਤੋਂ ਕਰੀਬੀ ਹੈ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਦਿਨੀਂ ਜਦੋਂ ਰਾਮ ਰਹੀਮ ਪੈਰੋਲ ਮਿਲਣ ਤੋਂ ਬਾਅਦ ਬਾਗਪਤ ਦੇ ਆਸ਼ਰਮ ਪਹੁੰਚਿਆ ਤਾਂ ਹਨੀਪ੍ਰੀਤ ਉਸ ਦੇ ਨਾਲ ਸੀ ਅਤੇ ਉਥੋਂ ਪ੍ਰੇਮੀਆਂ ਦੇ ਸਾਹਮਣੇ ਲਾਈਵ ਹੋ ਗਿਆ। ਉਸ ਸਮੇਂ ਡੇਰਾ ਮੁਖੀ ਨੇ ਹਨੀਪ੍ਰੀਤ ਦੀ ਤਾਰੀਫ਼ ਕੀਤੀ ਸੀ। ਡੇਰਾ ਸੱਚਾ ਸੌਦਾ ਦੀ ਅਰਬਾਂ ਰੁਪਏ ਦੀ ਜਾਇਦਾਦ ਟਰੱਸਟ ਦੇ ਨਾਂ ’ਤੇ ਹੈ। ਸਿਰਸਾ ਵਿੱਚ ਹੀ ਡੇਰੇ ਦੇ ਕੋਲ ਕਰੀਬ 900 ਏਕੜ ਜ਼ਮੀਨ ਹੈ। ਇਸ ਤੋਂ ਇਲਾਵਾ ਦੇਸ਼ ਭਰ ਵਿੱਚ ਸ਼ਹਿਰੀ ਜਾਇਦਾਦਾਂ ਅਤੇ ਰਿਹਾਇਸ਼ੀ ਕਮਰੇ ਵੱਖਰੇ ਹਨ। ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਡੇਰਾ ਮੁਖੀ ਦੇ ਪੁੱਤਰਾਂ, ਨੂੰਹਾਂ ਅਤੇ ਜਵਾਈ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ।

**18 ਮਈ ਨੂੰ ਵੱਡੀ ਬੇਟੀ ਵਿਦੇਸ਼ ਗਈ ਸੀ**

ਰਾਮ ਰਹੀਮ ਦੀ ਵੱਡੀ ਧੀ ਅਮਰਪ੍ਰੀਤ ਅਤੇ ਜਵਾਈ 18 ਮਈ 2020 ਨੂੰ ਵਿਦੇਸ਼ ਗਏ ਸਨ। ਡੇਰਾ ਛੱਡ ਕੇ ਲੰਡਨ ਪਹੁੰਚੀ ਅਮਰਪ੍ਰੀਤ ਨੇ ਉਥੋਂ ਆਪਣੇ ਸੰਦੇਸ਼ ਵਿੱਚ ਘਰ ਛੱਡਣ ’ਤੇ ਦੁੱਖ ਪ੍ਰਗਟ ਕੀਤਾ ਹੈ। ਅਮਰਪ੍ਰੀਤ ਨੇ ਟਵੀਟ ਕੀਤਾ ਕਿ ਮੇਰੇ ਸਾਰੇ ਪਰਿਵਾਰਕ ਮੈਂਬਰਾਂ ਨੇ ਮੇਰਾ ਸਮਰਥਨ ਕੀਤਾ। ਸਾਡੇ ਲਈ ਘਰ ਅਤੇ ਪਰਿਵਾਰ ਛੱਡਣਾ ਬਹੁਤ ਮੁਸ਼ਕਲ ਸੀ। ਹਾਲਾਂਕਿ ਮੈਨੂੰ ਪਤਾ ਹੈ ਕਿ ਪਰਿਵਾਰ ਮੇਰੇ ਨਾਲ ਹੈ ਅਤੇ ਮੈਂ ਪਰਿਵਾਰ ਦੇ ਨਾਲ। ਵਾਹਿਗੁਰੂ ਸਭ ਦਾ ਭਲਾ ਕਰੇ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਸਮਰਥਕ ਹਨ ਜਾਂ ਨਫ਼ਰਤ ਕਰਨ ਵਾਲੇ। ਤੇਰਾ ਹੀ ਤੇਰਾ ਹੈ। ਇਸ ਦੇ ਨਾਲ ਹੀ ਅਮਰਪ੍ਰੀਤ ਨੇ ਇੱਕ ਵੀਡੀਓ ਵੀ ਸ਼ੇਅਰ ਕੀਤਾ ਹੈ, ਜਿਸ ਵਿੱਚ ਪੂਰਾ ਪਰਿਵਾਰ ਘਰ ਛੱਡ ਕੇ ਭਾਵੁਕ ਨਜ਼ਰ ਆ ਰਿਹਾ ਹੈ। ਵੀਡੀਓ ਵਿੱਚ ਪੰਜਾਬੀ ਗੀਤਾਂ ਰਾਹੀਂ ਦਰਦ ਨੂੰ ਬਿਆਨ ਕੀਤਾ ਗਿਆ ਹੈ। ਡੇਰਾ ਮੁਖੀ ਦੀ ਮਾਂ ਨਸੀਬ ਕੌਰ, ਪਤਨੀ, ਪੁੱਤਰ ਜਸਮੀਤ, ਨੂੰਹ ਹੁਸਨਮੀਤ ਅਤੇ ਹੋਰ ਮੈਂਬਰ ਅਮਰਪ੍ਰੀਤ ਨੂੰ ਨਮ ਅੱਖਾਂ ਨਾਲ ਅਲਵਿਦਾ ਕਹਿ ਰਹੇ ਸਨ। ਇਸ ਦੌਰਾਨ ਹਨੀਪ੍ਰੀਤ ਜਾਂ ਡੇਰਾ ਪ੍ਰਬੰਧਕਾਂ ਦਾ ਕੋਈ ਮੈਂਬਰ ਉੱਥੇ ਮੌਜੂਦ ਨਹੀਂ ਸੀ। ਇਸ ਤੋਂ ਸਾਫ਼ ਹੈ ਕਿ ਪਰਿਵਾਰ ਨਾਲ ਉਸ ਦੇ ਰਿਸ਼ਤੇ ਚੰਗੇ ਨਹੀਂ ਹਨ।

**ਡੇਰਾ ਮੁਖੀ ਦੀ ਨੌਵੀਂ ਚਿੱਠੀ ਨੇ ਉਜਾਗਰ ਕੀਤਾ ਮਤਭੇਦ**

28 ਮਾਰਚ ਨੂੰ ਰਾਮ ਰਹੀਮ ਨੇ ਪ੍ਰੇਮੀਆਂ ਨੂੰ ਜੇਲ੍ਹ ਤੋਂ 9ਵੀਂ ਚਿੱਠੀ ਭੇਜੀ ਸੀ। ਮਤਭੇਦਾਂ ਦੀਆਂ ਚਰਚਾਵਾਂ ਦਰਮਿਆਨ ਪਹਿਲੀ ਵਾਰ ਡੇਰਾ ਮੁਖੀ ਨੇ ਪਰਿਵਾਰ ਵਾਲਿਆਂ ਅਤੇ ਹਨੀਪ੍ਰੀਤ ਦਾ ਜ਼ਿਕਰ ਕੀਤਾ ਹੈ। ਇਸ ਨਾਲ ਪਰਿਵਾਰਕ ਰਿਸ਼ਤਿਆਂ ਵਿੱਚ ਕੁੜੱਤਣ ਦੀ ਗੱਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਿਹਾ ਜਾ ਰਿਹਾ ਸੀ ਕਿ ਉਸ ਦਾ ਪਰਿਵਾਰ ਹੁਣ ਵਿਦੇਸ਼ ਵਿਚ ਸੈਟਲ ਹੋਣ ਜਾ ਰਿਹਾ ਹੈ। ਮਾਤਾ ਨਸੀਬ ਕੌਰ ਅਤੇ ਪਤਨੀ ਹਰਜੀਤ ਕੌਰ ਵੀ ਵਿਦੇਸ਼ ਜਾਣਗੇ। ਵਿਪਾਸਨਾ ਇੰਸਾ ਦੀ ਜਗ੍ਹਾ ਪੀਆਰ ਨੈਨ ਨੂੰ ਨਵਾਂ ਚੇਅਰਪਰਸਨ ਬਣਾਇਆ ਗਿਆ ਹੈ। ਪੱਤਰ ’ਚ ਡੇਰਾ ਪ੍ਰਬੰਧਨ ’ਚ ਕੁਝ ਬਦਲਾਅ ਦੀ ਗੱਲ ਵੀ ਕੀਤੀ ਗਈ ਸੀ। ਹਨੀਪ੍ਰੀਤ ਦੇ ਸਮਰਥਕਾਂ ਨੂੰ ਨਵੀਂ ਜ਼ਿੰਮੇਵਾਰੀ ਦਿੱਤੀ ਗਈ ਹੈ। ਪੱਤਰ ਰਾਹੀਂ ਡੇਰਾ ਪ੍ਰੇਮੀਆਂ ਨੂੰ ਸੰਦੇਸ਼ ਦਿੰਦਿਆਂ ਡੇਰਾ ਮੁਖੀ ਨੇ ਲਿਖਿਆ ਕਿ ਸਾਡੇ ਸਾਰੇ ਸੇਵਾਦਾਰ, ਐਡਮਿਨ ਬਲਾਕ ਸੇਵਾਦਾਰ, ਜਸਮੀਤ, ਚਰਨਪ੍ਰੀਤ, ਹਨੀਪ੍ਰੀਤ, ਅਮਰਪ੍ਰੀਤ ਸਾਰੇ ਇੱਕ ਹਨ ਅਤੇ ਸਾਡੀ ਗੱਲ ’ਤੇ ਅਮਲ ਕਰ ਰਹੇ ਹਨ। ਚਾਰੇ ਇਕੱਠੇ ਸਾਨੂੰ ਰੋਹਤਕ ਛੱਡਣ ਆਏ ਸਨ ਤੇ ਚਾਰੇ ਇਕੱਠੇ ਵਾਪਸ ਚਲੇ ਗਏ। ਜਸਮੀਤ, ਚਰਨਪ੍ਰੀਤ ਅਤੇ ਅਮਰਪ੍ਰੀਤ ਨੇ ਸਾਡੇ ਕੋਲੋਂ ਇਜਾਜ਼ਤ ਲੈ ਲਈ ਹੈ ਕਿ ਉਹ ਆਪਣੇ ਬੱਚਿਆਂ ਨੂੰ ‘ਉੱਚ ਸਿੱਖਿਆ’ ਹਾਸਲ ਕਰਨ ਲਈ ਪੜ੍ਹਾਉਣ ਲਈ ਵਿਦੇਸ਼ ਜਾਣਗੇ। ਇਸ ਲਈ ਪਿਆਰੀ ਸਾਧ-ਸੰਗਤ ਜੀ, ਤੁਸੀਂ ਕਿਸੇ ਦੇ ਭੁਲੇਖੇ ਵਿੱਚ ਨਾ ਆਓ।

**ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ**

ਰਾਮ ਰਹੀਮ 2017 ਤੋਂ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਪੱਤਰਕਾਰ ਛਤਰਪਤੀ ਅਤੇ ਰਣਜੀਤ ਕਤਲ ਕੇਸਾਂ ਵਿੱਚ ਵੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਇਸ ਸਾਲ ਪੰਜਾਬ ਚੋਣਾਂ ਤੋਂ ਠੀਕ ਪਹਿਲਾਂ 7 ਫਰਵਰੀ ਨੂੰ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ ਮਿਲੀ ਸੀ। ਇਹ ਇਸ ਸਮੇਂ ਦੌਰਾਨ ਸੀ ਜਦੋਂ ਤਬਦੀਲੀਆਂ ਦੀ ਪੂਰੀ ਸਕ੍ਰਿਪਟ ਲਿਖੀ ਗਈ ਸੀ. ਇਸ ਤੋਂ ਬਾਅਦ 27 ਜੂਨ ਨੂੰ ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਅਤੇ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਆਸ਼ਰਮ ’ਚ ਰਿਹਾ। ਹਨੀਪ੍ਰੀਤ ਵੀ ਉਸ ਦੇ ਨਾਲ ਸੀ।

# ਪ੍ਰਧਾਨ ਮੰਤਰੀ ਮੋਦੀ ਨੇ ਲਾਂਚ ਕੀਤੀ 5ਜੀ ਸਰਵਿਸ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇਕ ਨਵੇਂ ਤਕਨੀਕੀ ਯੁੱਗ ਦੀ ਸ਼ੁਰੂਆਤ ਕਰਦੇ ਹੋਏ ਦੇਸ਼ ਵਿਚ 5ਜੀ ਸੇਵਾਵਾਂ ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਨੇ ਭਾਰਤੀ ਮੋਬਾਈਲ ਸੰਮੇਲਨ ਦੇ 6ਵੇਂ ਸੰਸਕਰਨ ਦੇ ਉਦਘਾਟਨ ਦੇ ਨਾਲ ਦੇਸ਼ ’ਚ 5ਜੀ ਸੇਵਾਵਾਂ ਦੀ ਸ਼ੁਰੂਆਤ ਵੀ ਕੀਤੀ। ਆਈ.ਐੱਮ.ਸੀ. 2022 ਦਾ ਆਯੋਜਨ 01 ਤੋਂ 04 ਅਕਤੂਬਰ ਤੱਕ ‘ਨਿਊ ਡਿਜੀਟਲ ਯੂਨੀਵਰਸ’ ਥੀਮ ਨਾਲ ਕੀਤਾ ਜਾ ਰਿਹਾ ਹੈ। ਪੀ.ਐੱਮ. ਮੋਦੀ ਵਲੋਂ ਚੁਣੇ ਗਏ 13 ਸ਼ਹਿਰਾਂ ’ਚ ਲਾਂਚ ਕੀਤਾ ਜਾਵੇਗਾ। 5ਜੀ ਅਗਲੇ ਕੁਝ ਸਾਲਾਂ ’ਚ ਪੂਰੇ ਦੇਸ਼ ਨੂੰ ਕਵਰ ਕਰ ਲਵੇਗਾ। 5ਜੀ ਤਕਨਾਲੋਜੀ ਨਾਲ ਸਹਿਜ ਕਵਰੇਜ, ਉੱਚ ਡਾਟਾ ਦਰਾਂ, ਘੱਟ ਦੇਰੀ ਅਤੇ ਉੱਚ ਭਰੋਸੇਮੰਦ ਸੰਚਾਰ ਸਹੂਲਤਾਂ ਪ੍ਰਾਪਤ ਕੀਤੀਆਂ ਜਾ ਸਕਣਗੀਆਂ। ਇਸ ਨਾਲ ਊਰਜਾ ਕੁਸ਼ਲਤਾ, ਸਪੈਕਟਰਮ ਕੁਸ਼ਲਤਾ




ਅਤੇ ਨੈੱਟਵਰਕ ਕੁਸ਼ਲਤਾ ’ਚ ਵੀ ਮਹੱਤਵਪੂਰਨ ਸੁਧਾਰ ਹੋਵੇਗਾ।

ਇਸ ਮੌਕੇ ’ਤੇ ਸੰਚਾਰ, ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਸੰਚਾਰ ਰਾਜ ਮੰਤਰੀ ਦੇਵੂਸਿੰਘ ਚੌਹਾਨ ਸਮੇਤ ਦੇਸ਼ ਦੀਆਂ ਪ੍ਰਮੁੱਖ ਦੂਰਸੰਚਾਰ ਕੰਪਨੀਆਂ ਦੇ ਮੁਖੀ ਵੀ ਮੌਜੂਦ ਸਨ। ਇਸ ’ਚ ਰਿਲਾਇੰਸ ਜੀਓ ਦਾ ਸੰਚਾਲਨ ਕਰਨ ਵਾਲੀ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ, ਭਾਰਤੀ ਏਅਰਟੈੱਲ ਦੇ ਸੁਨੀਲ ਭਾਰਤੀ ਮਿੱਤਲ ਅਤੇ ਵੋਡਾਫੋਨ ਆਈਡੀਆ ਦੇ ਕੁਮਾਰ ਮੰਗਲਮ ਬਿਰਲਾ, ਰਿਲਾਇੰਸ ਜੀਓ ਦੇ ਚੇਅਰਮੈਨ ਆਕਾਸ਼ ਅੰਬਾਨੀ ਮੌਜੂਦ ਸਨ।ਸ੍ਰੀ ਮੋਦੀ ਨੇ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਨੇ ਰਿਲਾਇੰਸ ਜੀਓ ਅਤੇ ਏਅਰਟੈੱਲ ਦੇ ਸਟਾਲਾਂ ’ਚ 5ਜੀ ਤਕਨਾਲੋਜੀ ਦੀ ਵਰਤੋਂ ਦੇ ਨਾਲ-ਨਾਲ ਸਟਾਰਟ-ਅੱਪ ਪੈਵੇਲੀਅਨ ’ਚ ਉਨ੍ਹਾਂ ਵਲੋਂ ਵਿਕਸਿਤ ਕੀਤੇ ਉਪਕਰਣਾਂ ਨੂੰ ਦੇਖਿਆ। ਇਸ ਦੇ ਨਾਲ, ਸੀ ਡਾਟ ਵਲੋਂ ਵਿਕਸਿਤ ਸਵਦੇਸ਼ੀ 5ਜੀ ਕੋਰ ਦਾ ਵੀ ਉਦਘਾਟਨ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਲਗਭਗ ਇਕ ਘੰਟੇ ਤੱਕ ਪ੍ਰਦਰਸ਼ਨੀ ਦੇਖੀ ਅਤੇ 5ਜੀ, 4ਜੀ ਦੇ ਨਾਲ-ਨਾਲ ਆਈ.ਆਈ.ਟੀ., ਮਸ਼ੀਨ ਲਰਨਿੰਗ ਵਰਗੀ ਅਤਿ-ਆਧੁਨਿਕ ਤਕਨੀਕ ਨੂੰ ਦੇਖਿਆ। ਦੱਸਣਯੋਗ ਹੈ ਕਿ 5ਜੀ ਤਕਨੀਕ ਰਾਹੀਂ ਬਿਨਾਂ ਕਿਸੇ ਰੁਕਾਵਟ ਦੇ ਹਾਈ ਸਪੀਡ ਇੰਟਰਨੈੱਟ ਦਾ ਇਸਤੇਮਾਲ ਕੀਤਾ ਜਾ ਸਕੇਗਾ। ਨਵੀਂ ਦਿੱਲੀ ਦੇ ਪ੍ਰਗਤੀ ਮੈਦਾਨ ’ਚ 1 ਤੋਂ 4 ਅਕਤੂਬਰ ਤੱਕ 4 ਦਿਨਾ ਇੰਡੀਆ ਮੋਬਾਇਲ ਕਾਂਗਰਸ ਪ੍ਰੋਗਰਾਮ ਆਯੋਜਿਤ ਹੋਵੇਗਾ।

# ਸਿੱਖ ਵਿਰੋਧੀ ਦੰਗੇ: 1984 ਆਧੁਨਿਕ ਭਾਰਤੀ ਇਤਿਹਾਸ ਦੇ ‘ਸਭ ਤੋਂ ਕਾਲੇ’ ਸਾਲਾਂ ’ਚੋਂ ਇਕ : ਅਮਰੀਕੀ ਸੈਨੇਟਰ




ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਆਧੁਨਿਕ ਭਾਰਤੀ ਇਤਿਹਾਸ ਦੇ ‘ਸਭ ਤੋਂ ਕਾਲੇ’ ਸਾਲਾਂ ਵਿੱਚੋਂ ਇੱਕ ਦੱਸਦਿਆਂ ਅਮਰੀਕੀ ਸੈਨੇਟਰ ਨੇ ਸਿੱਖਾਂ ’ਤੇ ਹੋਏ ਅੱਤਿਆਚਾਰਾਂ ਨੂੰ ਯਾਦ ਰੱਖਣ ਦੀ ਲੋੜ ’ਤੇ ਜ਼ੋਰ ਦਿੱਤਾ ਹੈ ਤਾਂ ਜੋ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ। ਭਾਰਤ ਵਿੱਚ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹਿੰਸਾ ਭੜਕ ਗਈ ਸੀ। ਇਸ ਹਿੰਸਾ ਵਿੱਚ ਪੂਰੇ ਭਾਰਤ ਵਿੱਚ 3,000 ਤੋਂ ਵੱਧ ਸਿੱਖ ਮਾਰੇ ਗਏ ਸਨ।

ਸੈਨੇਟਰ ਪੈਟ ਟੂਮੀ ਨੇ ਸੈਨੇਟ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ, ‘ਸਾਲ 1984 ਆਧੁਨਿਕ ਭਾਰਤੀ ਇਤਿਹਾਸ ਵਿੱਚ ਸਭ ਤੋਂ ਕਾਲੇ ਸਾਲਾਂ ਵਿੱਚੋਂ ਇੱਕ ਹੈ। ਦੁਨੀਆ ਨੇ ਭਾਰਤ ਵਿੱਚ ਨਸਲੀ ਸਮੂਹਾਂ ਵਿਚਕਾਰ ਬਹੁਤ ਸਾਰੀਆਂ ਹਿੰਸਕ ਘਟਨਾਵਾਂ ਦੇਖੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ’ਚ ਖਾਸ ਤੌਰ ’ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅੱਜ ਅਸੀਂ ਇੱਥੇ ਉਸ ਦੁਖਾਂਤ ਨੂੰ ਯਾਦ ਕਰ ਰਹੇ ਹਾਂ ਜੋ 1 ਪਟਨਾ ਨਵੰਬਰ 1984 ਨੂੰ ਭਾਰਤ ਦੇ ਪੰਜਾਬ ਸੂਬੇ ਵਿੱਚ ਸਿੱਖਾਂ ਅਤੇ ਕੇਂਦਰ ਸਰਕਾਰ ਦਰਮਿਆਨ ਕਈ ਦਹਾਕਿਆਂ ਦੇ ਜਾਤੀ ਤਣਾਅ ਤੋਂ ਬਾਅਦ ਵਾਪਰੀ ਸੀ।’

# ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮੁਲਜ਼ਮ ਤੇ ਸ਼ਾਰਪ ਸ਼ੂਟਰ ਦੀਪਕ ਟੀਨੂੰ ਮਾਨਸਾ ਸੀਆਈਏ ਹਿਰਾਸਤ ’ਚੋਂ ਫ਼ਰਾਰ

ਮਾਨਸਾ (ਪੰਜਾਬੀ ਅਖਬਾਰ ਬਿਊਰੋ): ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮੁਲਜ਼ਮ ਤੇ ਸ਼ਾਰਪ ਸ਼ੂਟਰ ਦੀਪਕ ਟੀਨੂੰ ਅੱਜ ਤੜਕੇ ਤਿੰਨ ਵਜੇ ਮਾਨਸਾ ਸੀਆਈਏ ਹਿਰਾਸਤ ’ਚੋਂ ਫ਼ਰਾਰ ਹੋ ਗਿਆ। ਮਾਨਸਾ ਦੇ ਕਿਸੇ ਪੁਲਿਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਪੰਜਾਬ ਦੇ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਉਸ ਨੂੰ ਗੋਇੰਦਵਾਲ ਦੀ ਜੇਲ੍ਹ ’ਚੋਂ ਕਿਸੇ ਪੁੱਛ-ਪੜਤਾਲ ਲਈ ਇਥੇ ਲਿਆਂਦਾ ਗਿਆ ਸੀ ਅਤੇ ਉਹ ਸੀਆਈਏ ਦੀ ਹਿਰਾਸਤ ’ਚੋਂ ਫ਼ਰਾਰ ਹੋ ਗਿਆ। ਉਹ ਲਾਰੈਂਸ ਬਿਸ਼ਨੋਈ ਗੈਂਗ ਦਾ ਨਜ਼ਦੀਕੀ ਹੈ। ਸੂਬਾ ਪੁਲਿਸ ਨੂੰ ਚੌਕਸ ਕਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਨੇ ਪੰਜਾਬ ਅਤੇ ਹਰਿਆਣਾ ਵਿੱਚ ਵੀ ਤਲਾਸ਼ੀ ਮੁਹਿੰਮ ਚਲਾ ਦਿੱਤੀ ਹੈ। ਇਸ ਦੌਰਾਨ ਗੈਂਗਸਟਰਾਂ ਦੇ ਭੱਜਣ ਵਿੱਚ ਮਾਨਸਾ ਸੀਆਈਏ ਇੰਚਾਰਜ ਦੀ ਭੂਮਿਕਾ ਸ਼ੱਕ ਦੇ ਘੇਰੇ ਵਿੱਚ ਹੈ। ਕੁਝ ਦਿਨ ਪਹਿਲਾਂ ਉਸ ਨੂੰ ਮਾਨਸਾ ਪੁਲਿਸ ਵੱਲੋਂ ਇੱਕ ਵੱਖਰੇ ਕੇਸ ਵਿੱਚ ਤਰਨਤਾਰਨ ਜ਼ਿਲ੍ਹੇ ਦੀ ਗੋਇੰਦਵਾਲ ਸਾਹਿਬ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਲਿਆਂਦਾ ਗਿਆ ਸੀ। ਟੀਨੂੰ, ਮੂਸੇਵਾਲਾ ਕਤਲ ਕੇਸ ਵਿੱਚ ਚਾਰਜਸ਼ੀਟ ਕੀਤੇ 24 ਮੁਲਜ਼ਮਾਂ ਵਿੱਚੋਂ ਇੱਕ ਹੈ। 4 ਜੁਲਾਈ ਨੂੰ ਪੰਜਾਬ ਪੁਲਿਸ ਟੀਨੂੰ ਨੂੰ ਮੂਸੇਵਾਲਾ ਕਤਲ ਕੇਸ ਵਿੱਚ ਗ੍ਰਿਫ਼ਤਾਰ ਕਰਨ ਤੋਂ ਬਾਅਦ ਪ੍ਰੋਡਕਸ਼ਨ ਵਾਰੰਟਾਂ ’ਤੇ ਤਿਹਾੜ ਜੇਲ੍ਹ ਤੋਂ ਲੈ ਕੇ ਆਈ ਸੀ। ਮਾਨਸਾ ਪੁਲਿਸ ਵੱਲੋਂ ਦਾਇਰ ਚਾਰਜਸ਼ੀਟ ਅਨੁਸਾਰ ਟੀਨੂੰ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦਾ



ਨਜ਼ਦੀਕੀ ਹੈ ਅਤੇ ਉਹ ਵੱਖ-ਵੱਖ ਜੇਲ੍ਹਾਂ ਵਿੱਚ ਉਨ੍ਹਾਂ ਨਾਲ ਬੰਦ ਸੀ। ਪਿਛਲੇ ਮਹੀਨੇ ਜੇਲ੍ਹ ਵਿੱਚ ਉਸ ਕੋਲੋਂ ਮੋਬਾਈਲ ਫੋਨ ਬਰਾਮਦ ਹੋਇਆ ਸੀ। ਦਿਲਚਸਪ ਗੱਲ ਇਹ ਹੈ ਕਿ ਮੋਬਾਈਲ ਫ਼ੋਨ ਬਰਾਮਦ ਹੋਣ ਤੋਂ ਕਰੀਬ ਤਿੰਨ ਹਫ਼ਤੇ ਬਾਅਦ ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ ਹੈ। ਸੂਚਨਾ ਅਨੁਸਾਰ ਟੀਨੂੰ 2017 ’ਚ ਵੀ ਪੁਲਿਸ ਹਿਰਾਸਤ ’ਚੋਂ ਫ਼ਰਾਰ ਹੋ ਗਿਆ ਸੀ। ਉਸ ਨੂੰ ਦਸੰਬਰ ਵਿੱਚ ਭਿਵਾਨੀ ਪੁਲਿਸ ਨੇ ਬੰਗਲੌਰ ਤੋਂ ਗ੍ਰਿਫਤਾਰ ਕੀਤਾ ਸੀ। ਦੀਪਕ ਦੇ ਹਿਰਾਸਤ ‘ਚੋਂ ਫਰਾਰ ਹੋਣ ਤੋਂ ਬਾਅਦ ਪੁਲਸ ਨੇ ਰਾਜਸਥਾਨ ਅਤੇ ਹਰਿਆਣਾ ਦੀ ਸਰਹੱਦ ਨੂੰ ਸੀਲ ਕਰ ਦਿੱਤਾ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਪੂਰੀ ਘਟਨਾ ਵਿੱਚ ਪੁਲਿਸ ਦੀ ਲਾਪਰਵਾਹੀ ਸਾਹਮਣੇ ਆਈ ਹੈ। ਸੀਆਈਏ ਅਧਿਕਾਰੀ ਟੀਨੂੰ ਨੂੰ ਆਪਣੀ ਨਿੱਜੀ ਗੱਡੀ ਵਿੱਚ ਕਪੂਰਥਲਾ ਤੋਂ ਮਾਨਸਾ ਲਿਜਾ ਰਹੇ ਸਨ।

ਇਸ ਦੌਰਾਨ ਉਸ ਨੇ ਸਪੋਟਿੰਗ ਦੇ ਆਧਾਰ ’ਤੇ ਇਕ ਜਗ੍ਹਾ ’ਤੇ ਛਾਪੇਮਾਰੀ ਕਰਨ ਦਾ ਫੈਸਲਾ ਕੀਤਾ। ਮਾਨਸਾ ਅਤੇ ਕਪੂਰਥਲਾ ਵਿਚਕਾਰ ਲਗਭਗ 200 ਕਿ.ਮੀ. ਇੱਕ ਦੂਰੀ ਹੈ ਅਤੇ ਪੁਲਿਸ ਅਧਿਕਾਰੀ ਨੇ ਇੰਨੇ ਲੰਬੇ ਸਫ਼ਰ ਵਿੱਚ ਦੀਪਕ ਨੂੰ ਹੱਥਕੜੀ ਨਹੀਂ ਲਗਾਈ ਸੀ।

# ਸਵਾਮੀਨਾਰਾਇਣ ਮੰਦਰ ਤੋਂ ਬਾਅਦ ਕੈਨੇਡਾ ਦੀ ਭਗਵਦ ਗੀਤਾ ਪਾਰਕ ’ਚ ਭੰਨਤੋੜ

ਓਨਟਾਰੀਓ (ਪੰਜਾਬੀ ਅਖਬਾਰ ਬਿਊਰੋ): ਕੈਨੇਡਾ ’ਚ ਭਗਵਦ ਗੀਤਾ ਪਾਰਕ ’ਚ ਭੰਨਤੋੜ ਦੀ ਘਟਨਾ ਹੋਈ ਤੇ ਸਥਾਨਕ ਅਧਿਕਾਰੀਆਂ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਉੱਥੇ ਹੀ ਮੇਅਰ ਨੇ ਵੀ ਘਟਨਾ ਦਾ ਜ਼ਿਕਰ ਕੀਤਾ ਹੈ ਤੇ ਟਵਿੱਟਰ ’ਤੇ ਇਸ ਦੀ ਪੁਸ਼ਟੀ ਕੀਤੀ ਹੈ। ਮੇਅਰ ਅਨੁਸਾਰ ਹਾਲ ਹੀ ’ਚ ਖੋਲ੍ਹੇ ਗਏ ਭਗਵਦ ਗੀਤਾ ਪਾਰਕ ’ਚ ਤੋੜਭੰਨ ਦੀ ਘਟਨਾ ਹੋਈ ਹੈ। ਕੁਝ ਦਿਨ ਪਹਿਲਾਂ ਹੀ ਭਾਰਤ ਵਿਰੋਧੀ ਕੁਝ ਤੱਤਾਂ ਨੇ ਟੋਰਾਂਟੋ ਦੇ ਸਵਾਮੀ ਨਾਰਾਇਣ ਮੰਦਰ ’ਚ ਵੀ ਭੰਨਤੋੜ ਕੀਤੀ ਸੀ। ਇਸ ਦੇ ਪਿੱਛੇ ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਲੋਕ ਮੋਦੀ ਸਰਕਾਰ ਦੀ ਉਸ ਐਡਵਾਈਜ਼ਰੀ ਦਾ ਵਿਰੋਧ ਕਰ ਰਹੇ ਹਨ ਜਿਹੜੇ ਕੈਨੇਡਾ ਰਹਿਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਜਾਰੀ ਕੀਤੀ ਗਈ ਹੈ।




ਮੇਅਰ ਪੈਟ੍ਰਿਕ ਬ੍ਰਾਊਨ ਨੇ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ ਹੈ ਤੇ ਕਿਹਾ ਕਿ ਅਸੀਂ ਅਜਿਹੀਆਂ ਗਤੀਵਿਧੀਆਂ ਲਈ ਜ਼ੀਰੋ ਟੋਲਰੈਂਸ ਪਾਲਿਸੀ ਦੀ ਪਾਲਣਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੀਲ ਰੀਜਨਲ ਪੁਲਿਸ ਨੂੰ ਅਗਲੇਰੀ ਜਾਂਚ ਲਈ ਸੌਂਪ ਦਿੱਤਾ ਗਿਆ ਹੈ। ਨਾਲ ਹੀ ਪਾਰਕ ਵਿਭਾਗ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਸਾਈਨ ਨੂੰ ਜਲਦ ਤੋਂ ਜਲਦ ਠੀਕ ਕਰ ਦਿੱਤਾ ਜਾਵੇਗਾ। ਇਕ ਯੂਜ਼ਰ ਦੇ ਕੁਮੈਂਟ ਨੂੰ ਰਿਪਲਾਈ ਕਰਦੇ ਹੋਏ ਬ੍ਰਾਊਨ ਨੇ ਇਕ ਹੋਰ ਟਵੀਟ ਕੀਤਾ ਤੇ ਲਿਖਿਆ ਕਿ ਪੀਲ ਰੀਜਨਲ ਪੁਲਿਸ ਦੇ ਮੁਖੀ ਨੇ ਭਰੋਸਾ ਦਿੱਤਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

# ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੰਜੀ ਜੰਪਿੰਗ ਤੋਂ ਛਲਾਂਗ ਮਾਰਦੇ ਨਜ਼ਰ ਆਏ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ ਦਾ ਇੱਕ ਨਿਵੇਕਲਾ ਰੂਪ ਵੇਖਣ ਨੂੰ ਮਿਲਿਆ ਹੈ ਜਿਸ ਵਿਚ ਉਹ ਬੰਜੀ ਜੰਪਿੰਗ ਤੋਂ ਛਲਾਂਗ ਲਗਾਉਂਦੇ ਨਜ਼ਰ ਆ ਰਹੇ ਹਨ ।ਅਸਲ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੁਬੈਕ ਦੇ ਚੈਲਸੀ ਵਿੱਚ ਸਥਿਤ ਗਰੇਡ ਕੈਨੇਡੀਅਨ ਬੰਜੀ ਤੋਂ ਛਾਲ ਮਾਰਨ ਦਾ ਫ਼ੈਸਲਾ ਕੀਤਾ । ਲਾਲ ਜੈਕਟ,ਨੀਲੀ ਜੀਨ ਅਤੇ ਬੂਟ ਪਹਿਨੇ ਪ੍ਰਧਾਨ ਮੰਤਰੀ ਵੱਲੋਂ 200 ਫੁੱਟ ਉੱਚੇ ਬੰਜੀ ਟਾਵਰ ਤੋਂ ਛਲਾਂਗ ਲਗਾਈ ਗਈ. ਜਿਵੇਂ ਹੀ ਪ੍ਰਧਾਨਮੰਤਰੀ ਨੂੰ ਇੱਕ ਤੋਂ ਪੰਜ ਤਕ ਦਾ ਕਾਊਂਟ ਡਾਊਨ ਦਿੱਤਾ ਗਿਆ ਤਾਂ ਬਿਨਾਂ ਕਿਸੇ ਝਿਜਕ ਜਾਂ ਹਿਚਕ ਦੇ ਪ੍ਰਧਾਨਮੰਤਰੀ ਨੇ ਛਾਲ ਮਾਰ ਦਿੱਤੀ ।ਇਸ ਤੋਂ ਬਾਅਦ ਵੀਡੀਓ ਵਿਚ ਨਜ਼ਰ ਆ ਰਿਹਾ ਹੈ ਕਿ ਪ੍ਰਧਾਨਮੰਤਰੀ ਦਾ ਸਿਰ ਹੇਠਾਂ ਪਾਣੀ ਦੇ ਵਿੱਚ ਗਿਆ ਅਤੇ ਉਸ ਤੋਂ ਬਾਅਦ ਉਹ ਵਾਪਸ ਪਲੇਟਫਾਰਮ ਉੱਪਰ ਮੁੜ ਆਏ।

# ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਣ ਲਈ ਕੈਲਗਰੀ ਵਿੱਚ ਸ਼ੁਰੂ ਕੀਤਾ ਗਿਆ ਸਿੱਖ ਵੈਲਿਯੂਸ ਲਰਨਿੰਗ ਸੈਂਟਰ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਹਮੇਸ਼ਾ ਹੀ ਮਾਡਰਨ ਟੈਕਨੌਲੋਜੀ ਦਾ ਸਹਾਰਾ ਲੈਕੇ ਨਿਵੇਕਲੇ ਢੰਗ ਨਾਲ ਸਿੱਖੀ ਪ੍ਰਚਾਰ ਕਰਨ ਵਾਲੇ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਮਾਪਿਆਂ ਦੀ ਪੁਰਜ਼ੋਰ ਮੰਗ ਨੂੰ ਮੱਦੇ ਨਜ਼ਰ ਰੱਖਦਿਆਂ ਅਲਬਰਟਾ ਦੇ ਸ਼ਹਿਰ ਕੈਲਗਰੀ ਵਿਖੇ 3515 32 ਸਟਰੀਟ ਨੌਰਥ ਈਸਟ ਵਿਖੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ ।ਲਰਨਿੰਗ ਸੈਂਟਰ ਦੀ ਐਡਮਿਨਿਸਟਰੇਟਿਵ ਐਸਸਿਟੈਂਟ ਸੁਖਮਨ ਕੌਰ ਨੇ ਦੱਸਿਆ ਕਿ ਇਸ ਸਕੂਲ ਦਾ ਮਿਸ਼ਨ ਤੇ ਵਿਯਨ ਇਹ ਹੈ ਕਿ ਆਓ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਰਾਹੀਂ ਨਵੀਂ ਪੀੜ੍ਹੀ ਦੇ ਸੁਭਾਉ ਅਤੇ ਸੋਚ ਨੂੰ ਘੜ੍ਹੀਏ ਭਵਿੱਖ ਆਪਣੇ ਆਪ ਘੜਿਆ ਜਾਵੇਗਾ। ਉਹਨਾਂ ਦੱਸਿਆ ਕਿ ਪਿਛਲੇ ਦੋ ਸਾਲਾਂ ਤੋਂ ਗਿਆਨੀ ਰਾਮ ਸਿੰਘ ਚਹਿਲਾਂ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵਿਖੇ ਬਿਨਾਂ ਕਿਸੇ ਤਨਖਾਹ ਤੋਂ ਨਿਸ਼ਕਾਮ ਸੇਵਾ ਕਰਦਿਆਂ ਬੱਚਿਆਂ ਨੂੰ ਗੁਰੂ ਵਿਰਸੇ ਨਾਲ ਜੋੜਣ ਲਈ ਅਣਥੱਕ ਮਿਹਨਤ ਕਰਦੇਆ ਰਹੇ ਸਨ। ਇਸ ਦਾ ਬਾ ਕਮਾਲ ਰਿਜਲਟ ਸਭ ਦੇ ਸਾਹਮਣੇ ਪ੍ਰਤੱਖ ਆਇਆ ਸੀ। ਇਸ ਦੇ ਨਾਲ ਨਾਲ ਉਹ ਦੁਨੀਆਂ ਭਰ ਦੇ




ਬੱਚਿਆਂ ਅਤੇ ਨੌਜਵਾਨਾਂ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਲਈ ਗੁਰ ਗਿਆਨ ਔਨਲਾਈਨ ਅੰਤਰਰਾਸਟਰੀ ਅਕੈਡਮੀ ਵੀ ਚਲਾ ਰਹੇ ਸਨ ।ਗੁਰਦੁਆਰਾ ਸਾਹਿਬ ਵਿੱਚ ਹੋਰ ਕਈ ਤਰਾਂ ਦੇ ਕਥਾ ਕੀਰਤਨ ਆਦਿ ਦੇ ਬਾਕੀ ਪ੍ਰੋਗਰਾਮ ਹੋਣ ਕਰਕੇ ਉਹਨਾਂ ਨੂੰ ਬਹੁਤ ਘੱਟ ਟਾਈਮ ਮਿਲਦਾ ਸੀ। ਜਿਸ ਕਰਕੇ ਉਹਨਾਂ ਨੂੰ ਬੱਚਿਆਂ ਦੇ ਮਾਪਿਆਂ ਨੇ ਇੱਕ ਕਮਰਸ਼ੀਅਲ ਬਿਲਡਿੰਗ ਕਿਰਾਏ ਤੇ ਲੈ ਕੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਸ਼ੁਰੂ ਕੀਤਾ ਗਿਆ। ਇੱਥੇ ਸਿੱਖ ਬੱਚਿਆਂ, ਟੀਨ ਏਜਰਸ ਅਤੇ ਯੂਥ ਵਾਸਤੇ ਪੰਜਾਬੀ ਕਲਾਸਾਂ ਅਤੇ ਗੁਰਮਤਿ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਸੈਂਟਰ ਵਿੱਚ ਬੀਬੀ ਗੁਰਪ੍ਰੀਤ ਕੌਰ ਬਤੌਰ ਪ੍ਰਿੰਸੀਪਲ, ਬੀਬੀ ਮਨਦੀਪ ਕੌਰ ਬਤੌਰ ਐਸਿਸਟੈਂਟ ਪ੍ਰਿੰਸੀਪਲ, ਬੀਬੀ ਸੰਦੀਪ ਕੌਰ ਰੀਸੋਰਸ ਟੀਚਰ ਅਤੇ ਮਿਲਨ ਕੌਰ, ਮੰਨਤ ਕੌਰ ਤੇ ਮੁਸਕਾਨ ਕੌਰ ਅਸਿਸਟੈਂਟ ਟੀਚਰ ਵੱਜੋਂ ਸੇਵਾ ਕਰਦੇ ਹਨ।

ਇਸ ਲਰਨਿੰਗ ਸੈਂਟਰ ਵਿੱਚ ਜਿੱਥੇ ਟੀਵੀ ਸਕਰੀਨ ਰਾਹੀਂ ਗੁਰੂ ਵਿਰਸੇ ਦਾ ਗਿਆਨ ਵੰਡਣ ਲਈ ਸਮਾਰਟ ਕਲਾਸਾਂ ਸ਼ੁਕਰਵਾਰ ਨੂੰ ਸ਼ਾਮ 04:30 ਵਜੇ ਤੋਂ 07:30 ਵਜੇ ਤੱਕ ਅਤੇ ਸ਼ਨਿੱਚਰਵਾਰ ਤੇ ਐਤਵਾਰ ਨੂੰ ਦੁਪਹਿਰ 01:00 ਵਜੇ ਤੋਂ 04:00 ਵਜੇ ਤੱਕ ਲਾਈਆਂ ਜਾਂਦੀਆਂ ਹਨ, ਉੱਥੇ ਸਿੱਖ ਪਰਿਵਾਰਾਂ ਲਈ ਸੋਮਵਾਰ ਤੋਂ ਬੁੱਧਵਾਰ ਤੱਕ ਸ਼ਾਮੀਂ 06:00 ਵਜੇ ਤੋਂ 07:00 ਵਜੇ ਤੱਕ ਗੁਰਬਾਣੀ ਸੰਥਿਆ ਅਤੇ ਵਿਆਖਿਆ ਦੀ ਕਲਾਸ ਲੱਗਦੀ ਹੈ। ਇਸ ਨੂੰ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੇ ਫੇਸਬੁੱਕ ਪੇਜ਼ ਰਾਹੀਂ ਅਤੇ ਯੂਟਿਊਬ ਚੈਨਲ ਗੁਰ ਗਿਆਨ ਟੀਵੀ ਰਾਹੀਂ ਲਾਈਵ ਵੀ ਕੀਤਾ ਜਾਂਦਾ ਹੈ ਤਾਂ ਕਿ ਜੋ ਉੱਥੇ ਨਹੀਂ ਪਹੁੰਚ ਸਕਦੇ ਉਹ ਘਰ ਬੈਠੇ ਲਾਹਾ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ ਸਾਡੀ ਮਾਂ ਬੋਲੀ ਅਤੇ ਗੁਰੂ ਬੋਲੀ ਪੰਜਾਬੀ (ਗੁਰਮੁਖੀ) ਸਿਖਾਉਣ ਲਈ ਹਰੇਕ ਸ਼ਨਿੱਚਰਵਾਰ ਨੂੰ ਸ਼ਾਮੀਂ 04:15 ਤੋਂ 05:15 ਵਜੇ ਤੱਕ ਹਫਤਾਵਾਰੀ ਕਲਾਸਾਂ ਲਗਦੀਆਂ ਹਨ ।ਹਰੇਕ ਵੀਰਵਾਰ ਨੂੰ ਸ਼ਾਮ 06:00 ਵਜੇ ਤੋਂ 07:00 ਵਜੇ ਤੱਕ ਕੀਰਤਨ ਸਿਖਾਉਣ ਲਈ ਕਲਾਸ ਹੁੰਦੀ ਹੈ। ਹਰੇਕ ਐਤਵਾਰ ਨੂੰ ਸ਼ਾਮੀਂ 04:00 ਵਜੇ ਤੋਂ 06:00 ਵਜੇ ਤੱਕ ਗੁਰਮਤਿ ਸੋਝੀ ਕੋਰਸ ਦੀਆਂ ਕਲਾਸਾਂ ਨਵੰਬਰ ਤੋਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਮਹੀਨੇ ਦੇ ਆਖੀਰਲੇ ਐਤਵਾਰ ਨੂੰ ਬੱਚਿਆਂ ਦਾ ਜਨਮ ਦਿਨ ਸਮੂਹਿਕ ਰੂਪ ਵਿੱਚ ਗੁਰੂ ਸਾਹਿਬ ਜੀ ਪਿਆਰ ਰੰਗ ਵਿੱਚ ਮਨਾਇਆ ਜਾਂਦਾ ਹੈ।

ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਗਿਆ 12 ਸਾਲ ਦਾ ਸਿਲੇਬਸ ਬਹੁਤ ਹੀ ਕਮਾਲ ਦੇ ਢੰਗ ਤਰੀਕਿਆਂ ਨਾਲ ਪੜ੍ਹਾਇਆ ਜਾਂਦਾ ਹੈ ।ਇਸ ਬਾਰੇ ਜਾਣਕਾਰੀ ਲੈਣ ਦੇ ਚਾਹਵਾਨ ਫੋਨ ਨੰਬਰ 639-590-4464 ਤੇ ਜਾਂ ਈ ਮੇਲ ਸਿੱਖਵੈਲਿਯੂਸ ਐਟ ਜੀਮੇਲ ਡੌਟ ਕੌਮ ਵੈੱਬਸਾਈਟ ਸਿੱਖਮਿਊਨਿਟੀ ਡੌਟ ਨੈੱਟ ਤੇ ਸੰਪਰਕ ਕਰ ਸਕਦੇ ਹਨ।



# ਬਿਲਕਿਸ ਬਾਨੋ-ਸਜ਼ਾ ਮੁਆਫੀ ਕੇਸ, ਸਿਆਸੀ ਨੈਤਿਕਤਾ ਦੇ ਨਿਘਾਰ ਦਾ ਸਿਖਰ



ਰਾਜਿੰਦਰ ਕੌਰ ਚੋਹਕਾ
403-285-4208
91-98725-44738
ਕੈਲਗਰੀ (ਕੈਨੇਡਾ)

ਬਿਲਕਿਸ ਬਾਨੋ ਕੇਸ, ਜਿਸ ਵਿੱਚ ਗਰਭਵਤੀ ਇਸਤਰੀ ਬਿਲਕਿਸ ਬਾਨੋ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ ਹੋਵੇ।ਸਗੋਂ ਕਾਤਲ ਦੋਸ਼ੀਆਂ ਨੂੰ ਉਦੋਂ ਰਿਹਾਅ ਕੀਤਾ ਜਾਵੇ, ਉਹ ਵੀ ਜਦੋਂ ਦੇਸ਼ ਦੀ ਅਜ਼ਾਦੀ ਦੇ 75-ਵੇਂ ਵਰ੍ਹੇ ਦਾ ਜਸ਼ਨ ਮਨਾਇਆ ਜਾ ਰਿਹਾ ਹੋਵੇ ? ਗੁਜਰਾਤ ਅਤੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਉਸ ਕੇਸ ਵਿੱਚ 11-ਕਾਤਲ ਦੋਸ਼ੀਆਂ ਨੂੰ ਰਿਹਾਅ ਕਰ ਦੇਣਾ, ਦੇਸ਼ ਅੰਦਰ ਇਸਤਰੀਆਂ ਪ੍ਰਤੀ ਵੱਧ ਰਹੇ ਅਪਰਾਧਿਕ ਮਾਮਲਿਆਂ ਵਿੱਚ ਹੋਰ ਵਾਧਾ ਕਰਨ ਲਈ ਸਰਕਾਰ ਵਲੋਂ ਇਹ ਖੁਲ੍ਹਾ ਸੰਦੇਸ਼ ਦੇਣ ਦੇ ਬਰਾਬਰ ਹੈ !ਸਰਕਾਰ ਦੇ ਇਸ ਫੈਸਲੇ 'ਤੇ ਦੇਸ਼ ਵਾਸੀਆਂ ਨੇ ਹੀ ਨਹੀ, ਸਗੋਂ ਤੇ ਬਾਹਰਲੇ ਦੇਸ਼ਾਂ ਦੀਆਂ ਧਰਮ-ਨਿਰਪੱਖ ਸ਼ਕਤੀਆਂ ਵਲੋਂ ਵੀ ਸਖਤ ਨਿਖੇਧੀ ਕੀਤੀ ਗਈ ਹੈ।ਦੇਸ਼ ਅੰਦਰ ਨਿਆਂ ਪੱਖੀ ਤੇ ਧਰਮ ਨਿਰਪੱਖ ਸ਼ਕਤੀਆਂ ਵੀ ਇਸ ਫੈਸਲੇ ਨੂੰ ਸੁਣ ਕੇ ਹੈਰਾਨ ਹਨ।ਦੇਸ਼ ਦੀਆਂ ਸਾਰੀਆਂ ਇਸਤਰੀ ਹਿਤੂ ਜੱਥੇਬੰਦੀਆਂ ਨੇ ਵੀ ਸਰਕਾਰ ਦੇ ਇਸ ਫੈਸਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।

2002 ਵਿੱਚ ਗੁਜਰਾਤ 'ਚ ਉਸ ਸਮੇਂ ਫਿਰਕੂ ਦੰਗੇ ਹੋਏ ਜਦੋਂ ਨਰਿੰਦਰ ਮੋਦੀ ਮੁੱਖ ਮੰਤਰੀ ਸੀ !ਉਨਾਂ ਦੰਗਿਆਂ ਦੌਰਾਨ ਘੱਟ ਗਿਣਤੀ ਦੇ ਸੈਂਕੜੇ ਲੋਕਾਂ ਨੂੰ ਆਪਣੀਆਂ ਜਾਨਾ ਗੰਵਾਉਣੀਆਂ ਪਈਆਂ ਸਨ।"ਪਰ ! ਮੋਦੀ ਸਰਕਾਰ ਚੁੱਪ ਰਹੀ !" ਬਿਲਕਿਸ ਬਾਨੋ ਕੇਸ, ਜਿਸ ਵਿੱਚ ਉਸ ਨੇ ਆਪਣੇ ਪਰਿਵਾਰ ਦੇ 7 ਮੈਂਬਰਾਂ ਦਾ ਅੱਖਾਂ ਸਾਹਮਣੇ ਕਤਲ ਹੁੰਦਾ ਦੇਖਿਆ; ਤਿੰਨ ਸਾਲ ਦੀ ਉਸ ਲੜਕੀ ਨੂੰ ਇੱਟਾਂ-ਪੱਥਰਾਂ ਨਾਲ ਮਾਰ ਦਿੱਤਾ ਗਿਆ ਤੇ ਪੰਜ ਮਹੀਨੇ ਦੀ ਗਰਭਵਤੀ ਬਿਲਕਿਸ ਬਾਨੋ ਨਾਲ 11 ਤੋਂ 14 ਦਰਿੰਦਿਆਂ ਨੇ ਉਸ ਨਾਲ ਸਮੂਹਿਕ ਰੇਪ ਕੀਤਾ ਸੀ। ਇਸ ਵਹਿਸ਼ੀਆਨ ਕਾਰੇ ਦੇ ਵਿਰੁਧ ਇਕ ਲੰਬੀ ਲੜਾਈ ਲੜਨ ਤੋਂ ਬਾਦ ਦੋਸ਼ੀਆਂ ਨੂੰ ਕਾਨੂੰਨੀ ਪ੍ਰੀਕ੍ਰਿਆ ਮੁਤਾਬਿਕ ਲੰਬੀ ਜਦੋ-ਜਹਿਦ ਕਰਕੇ ਗ੍ਰਿਫਤਾਰ ਕਰਵਾਇਆ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਇਕ ਲੰਬੀ ਲੜਾਈ ਲੜੀ ਅਤੇ ਉਨਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਿਵਾਈ ਗਈ ਸੀ।

ਪ੍ਰੰਤੂੰ ! ਅਫਸੋਸ ਹੈ; ਕਿ ਇਕ ਸੋਧ ਰਾਹੀਂ ਜੇਲ ਵਿੱਚ ਉਨ੍ਹਾਂ ਦੋਸ਼ਆਂ ਦੇ "ਚੰਗੇ ਚਾਲ-ਚਲਣ" ਨੂੰ ਦੇਖਦਿਆਂ ਹੋਇਆ 15-ਅਗਸਤ,2022 ਨੂੰ ਉਨਾਂ 11-ਮੁਲਜਿਮਾਂ ਨੂੰ "ਬਾ-ਇਜ਼ਤ" ਬਰੀ ਕਰ ਦਿੱਤਾ ਗਿਆ।ਪਰ ਉਨ੍ਹਾਂ ਦੇ ਬਰੀ ਹੋਣ ਤੋਂ ਬਾਦ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਇਕ ਖਾਸ ਸੋਚ ਦੇ ਲੋਕਾਂ ਵਲੋਂ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਖੁਸ਼ੀ 'ਚ ਖੀਵੇ ਹੋਏ "ਸੰਘ ਪਰਿਵਾਰ" ਦੇ ਲੋਕਾਂ ਨੇ ਮਠਿਆਈਆਂ ਵੰਡੀਆਂ, ਮੱਥਿਆਂ 'ਤੇ ਤਿਲਕ ਲਾ ਕੇ ਆਰਤੀਆਂ ਕੀਤੀਆਂ ਗਈਆਂ । ਜਿਵੇਂ ਉਹ ਬਲਾਤਕਾਰੀ ਕੋਈ ਜੰਗ ਜਿੱਤ ਕੇ ਆਏ ਹੋਣ !ਇਹ ਦੇਸ਼ ਤੇ ਕੇਂਦਰ ਦੀ ਸਰਕਾਰ ਲਈ "ਸ਼ਰਮਿੰਦਗੀ" ਵਾਲੀ ਗੱਲ ਹੈ! ਦੋਸ਼ੀਆਂ ਨੂੰ ਉਸ ਸਮੇਂ ਛੱਡਿਆ ਗਿਆ, ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ (2002 ਵਿੱਚ ਹੋਏ ਦੰਗਿਆਂ ਸਮੇਂ ਉਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ) ਨਰਿੰਦਰ ਮੋਦੀ ਦੇਸ਼ ਦੀ 75-ਵੀਂ ਅਜ਼ਾਦੀ ਦੀ ਵਰ੍ਹੇ ਗੰਢ 'ਤੇ ਲਾਲ ਕਿਲੇ ਤੋਂ ਆਪਣੇ ਭਾਸ਼ਣ ਦੌਰਾਨ, "ਇਸਤਰੀਆਂ ਨੂੰ ਦੇਸ਼ ਵਿੱਚ ਸੁਰੱਖਿਆ ਦੇਣ ਤੇ ਉਨ੍ਹਾਂ ਉਪੱਰ ਹੋ ਰਹੀ ਹਿੰਸਾਂ ਨੂੰ ਰੋਕਣ ਦੇ ਦਮਗਜੇ ਮਾਰ ਰਿਹਾ ਸੀ।" ਗੁਜਰਾਤ ਸਰਕਾਰ ਵਲੋਂ ਇਨ੍ਹਾ ਦਰਿੰਦਿਆ ਨੂੰ ਛੱਡਣ ਦਾ ਫੈਸਲਾ ਕਰਨਾ ਦੇਸ਼ ਵਾਸੀਆਂ ਲਈ ਵੀ ਹੈਰਾਨੀ ਵਾਲੀ ਗੱਲ ਹੈ; ਜਦੋਂ ਕਿ ਸਾਡੇ ਦੇਸ਼ ਦੇ ਕਾਨੂੰਨ ਮੁਤਾਬਿਕ, ਕਿਸੇ ਦੀ ਹੱਤਿਆ ਅਤੇ ਬਲਾਤਕਾਰ ਕਰਨ ਵਾਲੇ ਅਪਰਾਧਿਕ ਮਾਮਲੇ ਵਿੱਚ ਪਾਏ ਗਏ (ਸਬੂਤਾਂ ਸਹਿਤ) ਦੋਸ਼ੀਆਂ ਅਤੇ (ਮੁਜਰਿਮਾਂ) ਨੂੰ ਉਮਰ ਕੈਦ ਹੀ ਨਹੀ, ਸਗੋਂ ਤੇ ਜੀਵਨ ਭਰ ਬਿਨ੍ਹਾਂ ਜਮਾਨਤ ਦੇ ਉਮਰ ਭਰ ਜੇਲ੍ਹ ਵਿੱਚ ਰੱਖਣਾ ਚਾਹੀਦਾ ਹੈ ? ਇਹੋ ਜਿਹੇ ਲੋਕ ਜਿਨ੍ਹਾਂ ਨੇ ਸਮੂਹਿਕ ਬਲਾਤਕਾਰ ਅਤੇ ਸਮੂਹਿਕ ਕਤਲੇਆਮ ਕੀਤਾ ਹੋਵੇ; ਸਜ਼ਾ ਭੁਗਤਣ ਤੋਂ ਪਹਿਲਾਂ ਹੀ 14-ਸਾਲਾਂ ਬਾਦ ਜੇਲ ਤੋਂ ਬਾਹਰ ਕਿਵੇਂ ਆ ਜਾਣ ? ਇਹੋ ਜਿਹੇ ਖਤਰਨਾਕ ਅਪਰਾਧੀਆਂ ਦਾ ਸਮਾਜ ਵਿੱਚ ਵਿਚਰਨਾਂ ਆਮ ਲੋਕਾਂ ਅਤੇ ਖਾਸ ਕਰਕੇ ਇਸਤਰੀਆਂ ਲਈ ਖਤਰੇ ਦੀ ਨਿਸ਼ਾਨੀ ਤੋਂ ਘੱਟ ਨਹੀਂ ਹੋ ਸਕਦਾ ਹੈ !

ਗੁਜਰਾਤ (ਗੋਧਰਾਂ ਕਾਂਡ ਵੀ ਜਿਸ ਨੂੰ ਕਿਹਾ ਜਾਂਦਾ ਹੈ) ਦੇ ਦੰਗਿਆਂ ਵਿਚ ਕਿਸੇ ਗਰਭਵਤੀ ਇਸਤਰੀ ਦਾ ਬਲਾਤਕਾਰ ਕੀਤਾ ਗਿਆ ਹੋਵੇ, ਤਿੰਨ ਸਾਲ ਦੀ ਆਪਣੀ ਬੱਚੀ ਦੀ ਮੌਤ ਨੂੰ ਉਸ ਨੇ ਆਪਣੀ ਅੱਖੀਂ ਦੇਖਿਆ ਹੋਵੇ !ਪ੍ਰੀਵਾਰ ਦੇ 7-ਜੀਆਂ ਨੂੰ ਉਸ ਦੇ ਸਾਹਮਣੇ ਹੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੋਵੇ ? ਤਾਂ ਉਨ੍ਹਾਂ ਦੋਸ਼ੀਆਂ ਨੂੰ ਬਾ-ਇਜ਼ਤ ਕੋਰਟ ਵਲੋਂ ਛੱਡਿਆ ਜਾਵੇ, ਜੇਲ ਤੋਂ ਬਾਹਰ ਆਉਣ ਤੋਂ ਬਾਦ ਮਠਿਆਈਆਂ ਵੰਡੀਆਂ ਜਾਣ ਅਤੇ ਤਿਲਕ ਲਾ ਕੇ ਆਰਤੀਆਂ ਉਤਾਰੀਆਂ ਜਾਣ ? ਤਾਂ !ਉਸ ਦੁੱਖੀ ਪਰਿਵਾਰ ਦਾ ਕੀ ਹਾਲ ਹੋਵੇਗਾ ? ਕੀ ਇਹ ਭਾਣਾ ਹੈ, ਜਾਂ ਵਰਤਾਰਾ ਹੈ, ਜਾਂ ਕਾਨੂੰਨੀ ਸਮਝ ਤੋਂ ਦੂਰ ਹੈ ? ਇਕ ਸਾਲ ਤੱਕ ਪੁਲਿਸ ਨੇ ਕੇਸ ਦਰਜ ਹੀ ਨਹੀਂ ਕੀਤਾ।ਪੁਲਿਸ ਨੇ ਉਹ ਫਾਈਲਾਂ ਦੱਬ ਰੱਖੀਆਂ, ਲੰਬਾ ਸਮਾਂ ਜਿੰਨੀ ਦੇਰ ਉਨ੍ਹਾਂ ਦਰਿੰਦਿਆਂ ਤੇ ਪਰਚਾ ਦਰਜ ਨਹੀਂ ਹੋਇਆ। ਬਿਲਕਿਸ ਬਾਨੋ ਆਪਣੇ ਪਤੀ ਤੇ ਬੱਚਿਆਂ ਨਾਲ ਲੋਕਾਂ ਦੇ ਘਰਾਂ ਵਿੱਚ ਲੁੱਕ ਕੇ ਰਹਿੰਦੀ ਰਹੀ।ਇਹ ਵੀ ਬੜੀ ਹੀ ਹੈਰਾਨੀ ਵਾਲੀ ਗੱਲ ਹੈ ਕਿ ਉਹ ਦਰਿੰਦੇ ਕੋਈ ਬਾਹਰੋਂ ਨਹੀਂ ਆਏ ਸਨ ਉਸੇ ਹੀ ਇਲਾਕੇ ਦੇ ਉਹ ਰਹਿਣ ਵਾਲੇ ਸਨ ਅਤੇ ਉਹ ਰੋਜ਼ ਬਿਲਕਿਸ ਬਾਨੋ ਦੇ ਪਿਤਾ ਦੀ ਦੁਕਾਨ ਤੋਂ ਦੁੱਧ ਖਰੀਦਣ ਵਾਲੇ ਹੀ ਸਨ।ਪ੍ਰੰਤੂ ਇਸ ਦੇ ਬਾਵਜੂਦ ਵੀ 21 ਸਾਲ ਦੀ ਲੜਕੀ ਦੇ ਸਾਹਮਣੇ ਹੀ ਉਨ੍ਹਾਂ ਨੇ ਉਸ ਦੀ ਮਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਪਰਿਵਾਰ ਦੇ 7-ਮੈਂਬਰਾਂ ਨੂੰ ਵੀ ਉਸ ਦੇ ਸਾਹਮਣੇ ਹੀ ਮਾਰ ਦਿੱਤਾ !"ਇਹ ਹੈ ਰਾਮ-ਰਾਜ" ਜਿਸ ਨੂੰ ਬੀ.ਜ਼ੇ.ਪੀ. ਸਾਰੇ ਦੇਸ਼ ਵਿੱਚ ਲਿਆਉਣਾ ਚਾਹੁੰਦੀ ਹੈ।

ਬਹੁਤ ਹੀ ਹੈਰਾਨੀ ਵਾਲੀ ਗੱਲ ਹੈ, ਕਿ ਐਡੇ ਵੱਡੇ ਅਪਰਾਧਿਕ ਮਾਮਲਿਆਂ ਵਿੱਚ ਵੀ ਦੋਸ਼ੀ ਜਮਾਨਤਾਂ ਤੇ ਆਉਂਦੇ ਰਹੇ।ਰਿਹਾਈ ਤੋਂ ਬਾਦ ਭੀੜ ਵਿਚੋਂ ਕਿਸੇ ਨੇ ਪੁਛਿਆ, "ਕਿ ਤੁਹਾਨੂੰ ਆਪਣੇ ਕੀਤੇ ਤੇ ਕੋਈ ਪਛਤਾਵਾ ਤਾਂ ਨਹੀਂ ਹੈ ? ਕਿ ਤੁਸੀਂ ਏਡਾ ਵੱਡਾ ਅਪਰਾਧ ਕੀਤਾ ਹੈ ਜੋ ਦੇਸ਼ ਉਪੱਰ ਇਕ ਕਲੰਕ ਸਾਬਿਤ ਹੋ ਰਿਹਾ ਹੈ ?" ਤਾਂ ਉਨਾਂ ਦੋਸ਼ੀਆਂ ਦਾ ਜਵਾਬ ਸੀ, "ਕਿ ਜੇਕਰ ਤੁਸੀ ਕਲੰਕ ਦੇਖਣਾ ਹੈ ਤਾਂ ਕਸ਼ਮੀਰ ਵਿੱਚ ਜਾ ਕੇ ਦੇਖੋ।"ਇਹ ਉਨ੍ਹਾਂ ਦਾ ਭਗਵੇਂ ਰੰਗ 'ਚ ਰੰਗਿਆ ਜਵਾਬ ਸੀ।

ਬਿਲਕਿਸ ਬਾਨੋ ਨੇ ਇਸ ਸਾਰੀ ਦਰਿੰਦਗੀ ਅਤੇ ਨਮੋਸ਼ੀ ਭਰੀ ਦਰਦਨਾਕ ਘਟਨਾ-ਕਰਮ ਦੇ ਲੰਬੇ ਸਮੇਂ ਵਿੱਚ, ਕਈ ਮਾਨਸਿਕ ਤੇ ਸਰੀਰਕ ਘਟਨਾਵਾਂ ਹੰਢਾਉਣ ਬਾਅਦ ਵੀ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਨਿਆਂ ਲੈਣ ਲਈ ਆਪਣੇ ਪਤੀ ਦੇ ਸਹਿਯੋਗ ਨਾਲ ਇਕ ਲੰਬੀ ਲੜਾਈ ਲੜੀ। ਆਪਣੀ ਇਜ਼ਤ ਬਚਾਉਣ ਲਈ ਤੇ ਭੈਅ ਤੋਂ ਬਿਨ੍ਹਾਂ ਜ਼ਿੰਦਗੀ ਬਚਾਉਣ ਲਈ ਬਾਨੋ ਨੇ ਪਤਾ ਨਹੀਂ ਕਿੰਨੀ ਕੁ ਵਾਰ ਘਰ ਤੇ ਮਕਾਨ ਬਦਲੇ ? ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੈਂਕੜਿਆਂ ਵਾਰ ਕਚਿਹਰੀਆਂ ਦੇ ਚਕਰ ਲਗਾਏ।ਜਦੋਂ ਦੋਸ਼ੀ ਫੜੇ ਗਏ ਤਾਂ ਬਿਲਕਿਸ ਬਾਨੋ, ਉਸ ਦਾ ਪਤੀ ਤੇ ਪਰਿਵਾਰ ਥੋੜਾ ਚੈਨ ਨਾਲ ਰਹਿਣ ਲੱਗ ਪਏ।ਪਰ ! 15 ਸਾਲ ਦੀ ਸਜ਼ਾ ਭੁਗਤ ਕੇ ਵੀ ਸਜ਼ਾ ਕੱਟ ਕੇ ਜੇਲ੍ਹ ਤੋਂ ਬਾਹਰ ਆਉਣ ਵਾਲੇ ਮੁਲਜ਼ਿਮ (ਦੋਸ਼ੀ) ਹੀਰੋ ਬਣ ਕੇ ਜੇਲ੍ਹ ਵਿਚੋਂ ਹੁਣ ਬਾਹਰ ਆਏ ਹਨ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਭੱਗਵਾਂ ਭੀੜ ਇਕੱਠੀ ਹੋ ਕੇ ਉਨ੍ਹਾਂ ਮੁਲਜ਼ਿਮਾਂ ਦਾ ਸਵਾਗਤ ਇਸ ਤਰ੍ਹਾਂ ਕਰ ਰਹੀ ਹੈ ਜਿਵੇਂ ਉਹ ਕੋਈ ਜੰਗ ਜਿੱਤ ਕੇ ਆਏ ਹੋਣ ? ਗੋਧਰਾ (ਕਾਂਡ) ਤੋਂ ਭਾਜਪਾ ਦੇ ਵਿਧਾਇਕ, "ਵਰਖਾ ਦੱਤਾ ਦੀ ਮੋਜੋ-ਸਟੋਰੀ" ਵਿੱਚ ਕਿਹਾ ਹੈ, "ਕਿਉਂਕਿ ਇਹ 11-ਲੋਕ ਬ੍ਰਾਹਮਣ ਹਨ !ਇਨ੍ਹਾਂ ਦੇ ਸੰਸਕਾਰ ਤੇ ਚਾਲ-ਚਲਣ ਚੰਗਾ ਹੈ ! ਇਸ ਕਰਕੇ ਕੋਰਟ ਨੇ ਉਨਾਂ ਨੂੰ ਰਿਹਾਅ ਕੀਤਾ ਹੈ।" ਕਿੰਨੀ ਨਮੋਸ਼ੀ ਅਤੇ ਹੈਰਾਨੀ ਦੀ ਗੱਲ ਹੈ ਕਿ ਅੱਜ ਸਤ੍ਹਾ 'ਤੇ ਬੈਠੇ ਭਾਜਪਾ ਦੇ ਸੰਸਦ ਤੇ ਵਿਧਾਇਕ ਲੋਕ ਜਾਤਾਂ-ਪਾਤਾਂ ਤੇ ਖਿੱਤਿਆਂ ਦੇ ਨਾਂ 'ਤੇ ਰੇਪ-ਕੇਸ ਤੇ ਕਤਲੋ-ਗਾਰਦ ਕਰਨ ਵਾਲੇ ਮੁਲਾਜ਼ਮਾਂ ਨੂੰ ਕਿਵੇਂ ਸਨਮਾਨਤ ਕਰ ਰਹੇ ਹਨ ?

ਇਸ ਗੰਭੀਰ ਮੁੱਦੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੀ "ਟਰੋਲ ਸੈਨਾਂ" ਨੇ ਕਹਿਣਾ ਸ਼ੁਰੂ ਕੀਤਾ ਹੈ, "ਕਿ ਉਨ੍ਹਾਂ ਦੋਸ਼ੀਆਂ ਦੀ ਕੋਰਟ ਵਲੋਂ ਕੀਤੀ ਗਈ ਰਿਹਾਈ ਇਹ ਸਾਬਿਤ ਕਰਦੀ ਹੈ, 'ਕਿ ਨਿਆਂਪਾਲਿਕਾ ਵਲੋਂ ਉਨ੍ਹਾਂ ਨੂੰ ਦੋਸ਼ੀ ਸਾਬਿਤ ਹੀ ਨਹੀਂ ਕਰਨਾ ਚਾਹੀਦਾ ਸੀ। ਇਸ ਲਈ ਕਿ ਇਸ ਕੇਸ ਅੰਦਰ ਕਈ ਲੋਕ ਬੇ-ਗੁਨਾਹ ਇਸ ਕਰਕੇ ਦੋਸ਼ੀ ਪਾਏ ਗਏ, ਸਿਰਫ਼ "ਤੀਸਤਾ ਸੀਤਲਵਾੜ" ਦੇ ਝੂਠੇ ਪ੍ਰਚਾਰ ਕਰਕੇ ਸੀ ? ਉਸ ਸਮੇਂ ਦੇਸ਼ ਦੇ ਗ੍ਰਹਿਮਤਰੀ ਨੇ ਏ.ਐਨ.ਆਈ. ਨੂੰ ਦਿੱਤੀ ਇਕ ਇੰਟਰਵਿਊ ਵਿੱਚ, ਜਦੋਂ ਸਰਵ-ਉੱਚ ਕੋਰਟ ਨੇ ਫੈਸਲਾ ਦਿੱਤਾ ਸੀ, 'ਕਿ ਨਰਿੰਦਰ ਮੋਦੀ ਨੂੰ 2002 ਦੇ ਗੁਜਰਾਤ ਦੇ ਗੋਧਰਾਂ ਕਾਂਡ ਵਿੱਚ ਨਿੱਜੀਤੌਰ 'ਤੇ ਦੋਸ਼ੀ ਸਾਬਿਤ ਕਰਨ ਲਈ ਕੁਝ ਲੋਕਾਂ ਨੇ ਝੂਠਾ ਪ੍ਰਚਾਰ ਕੀਤਾ ਹੈ।ਤਾਂ !ਉਸ ਤੋਂ ਅਗਲੇ ਦਿਨ ਹੀ 25-ਜੂਨ ਨੂੰ ਤੀਸਤਾ ਸੀਤਲਵਾੜ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਅੱਜ ਤੱਕ ਉਸ ਨੂੰ ਜਮਾਨਤ ਨਹੀਂ ਮਿਲੀ ਹੈ !

ਤੀਸਤਾ ਨੂੰ ਗ੍ਰਿਫਤਾਰ ਕਰਨ ਤੋਂ ਬਾਦ ਗ੍ਰਹਿਮੰਤਰੀ ਨੇ ਇਕ ਸਪਸ਼ਟ ਬਿਆਨ ਦੇ ਦਿੱਤਾ ਸੀ, ਕਿ ਤੀਸਤਾ ਨੇ ਝੂਠੇ ਮੁਕੱਦਮੇਂ ਦਰਜ/ਦਾਖਲ ਕਰਵਾਉਣਾ ਸਿਰਫ਼ ਮੋਦੀ ਨੂੰ ਦੋਸ਼ੀ ਠਹਿਰਾਉਣ ਵਾਸਤੇ ਸੀ ? ਗ੍ਰਹਿਮੰਤਰੀ ਨੇ ਕਿਹਾ ਕਿ ਸ਼ਿਵ ਜੀ ਦੀ ਤਰ੍ਹਾਂ (ਮੋਦੀ ਨੂੰ ਸ਼ਿਵ ਜੀ ਦੀ ਉਪਾਧੀ ਨਾਲ ਜੋੜਿਆ) ਇਸ ਜ਼ਹਿਰ ਨੂੰ ਚੁੱਪ-ਚਾਪ ਪੀ ਲਿਆ। ਦੋ ਦਹਾਕੇ ਤੱਕ ਦੇ ਲੰਬੇ ਸਮੇਂ ਤੱਕ ਦੇ ਸਬਰ ਬਾਦ, ਪਰ ! ਹੁਣ ਸੱਚ ਬਾਹਰ ਆ ਗਿਆ ਹੈ ਜਾਂ ਸਾਬਿਤ ਹੋ ਗਿਆ ਹੈ।"

ਤੀਸਤਾ ਉਪਰ ਪੁਲਿਸ ਨੇ ਇਲਜ਼ਾਮ ਲਾਇਆ ਹੈ, ਕਿ ਉਸ ਨੂੰ ਕਾਂਗਰਸ ਪਾਰਟੀ ਦੇ ਨੇਤਾ ਤੇ ਸੋਨੀਆਂ ਗਾਂਧੀ ਦੇ ਨਜ਼ਦੀਕੀ ਹੋਣ ਕਰਕੇ ਅਹਿਮਦ ਪਟੇਲ ਤੋਂ ਲੱਖਾਂ ਰੁਪਏ ਲਏ ਸਨ ਸਿਰਫ ਨਰਿੰਦਰ ਮੋਦੀ ਨੂੰ ਬਦਨਾਮ ਕਰਨ ਲਈ ? ਪਰ ! ਕਿਸੇ ਵੀ ਅਦਾਲਤ ਵਿੱਚ ਇਹ ਦੋਸ਼ ਸਾਬਿਤ ਨਹੀਂ ਹੋਏ ਕਿ, ਕੀ ਪੈਸੇ ਲਏ ਹਨ ਕਿ ਨਹੀਂ । ਪਰ ! ਬਿਲਕਿਸ ਦੇ ਬਲਾਤਕਾਰੀਆਂ ਦਾ ਦੋਸ਼ ਪੂਰੀ ਤਰ੍ਹਾਂ ਨਾਲ ਉਜਾਗਰ ਹੋ ਗਿਆ ਹੈ ਅਤੇ ਕਾਨੂੰਨੀ ਪ੍ਰੀਕ੍ਰਿਆ ਤੋਂ ਬਾਦ ਸਭ ਸੱਚ ਸਾਹਮਣੇ ਗਿਆ ਹੈ। ਭਾਂਵੇ ! ਬਿਲਕਿਸ ਬਾਨੋ ਨੂੰ ਇਨਸਾਫ ਕਾਨੂੰਨੀ ਲੜਾਈ ਲੜਨ ਤੋਂ ਬਾਦ ਮਿਲ ਗਿਆ ਸੀ, ਪਰ ! ਹੁਣ -ਅੱਜ ਨਿਆਂ ਨੂੰ ਅਨਿਆਂ ਵਿੱਚ ਗੁਜਰਾਤ ਸਰਕਾਰ ਨੇ ਬਦਲ ਦਿੱਤਾ ਹੈ। "ਦੋਸ਼ੀਆਂ ਨੂੰ ਹੀ ਨਹੀਂ ? ਸਗੋਂ ਤੇ ਉਸ ਸਮੇਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵੀ ਬਚਾ ਲਿਆ ਹੈ।" ਦੇਸ਼ ਲਈ ਇਹ ਫਖ਼ਰਵਹਲੀ ਨਹੀਂ, ਨਮੋਸ਼ੀ ਵਾਲੀ ਗੱਲ ਹੈ ?

ਇਸ ਅਨਿਆਏ ਨਾਲ ਭਾਰਤ ਦੇ ਮੱਥੇ ਤੇ ਇਕ ਹੋਰ ਕਲੰਕ ਦਾ ਵੱਡਾ ਟਿੱਕਾ ਲੱਗ ਗਿਆ ਹੈ।ਸਾਡੇ ਆਪਣੇ ਦੇਸ਼ ਵਿਚ ਹੀ ਨਹੀਂ ? ਬਲਕਿ ਦੁਨੀਆ ਦਾ ਮੀਡੀਆ ਵੀ ਭਾਰਤ ਦੀ ਕਾਨੂੰਨੀ ਪ੍ਰਣਾਲੀ ਤੇ ਸਵਾਲ ਚੁੱਕ ਰਿਹਾ ਹੈ ? ਉਹ ਵੀ, 'ਗਰਭਵਤੀ ਮੁਸਲਿਮ ਔਰਤ ਦੇ ਬਲਾਤਕਾਰੀਆਂ ਨੂੰ ਰਿਹਾਅ ਕਰਨਾਂ ! ਜਿਹੜੀਆਂ: ਗੱਲਾਂ ਟਰੋਲ ਕੀਤੀਆਂ ਜਾ ਰਹੀਆਂ ਹਨ !ਅੱਜ !ਦੇਸ਼ ਦੇ ਨਿਆਂ-ਪਸੰਦ, ਧਰਮ-ਨਿਰਪੱਖ ਅਤੇ ਗਿਆਨੀ-ਵਿਗਿਆਨੀ ਵੀ ਗੁਜਰਾਤ ਸਰਕਾਰ 'ਤੇ ਨਿਆਂ-ਪਾਲਿਕਾ ਦੇ ਇਸ ਫੈਸਲੇ ਤੋਂ ਦੋਸ਼ੀਆਂ ਨੂੰ ਰਿਹਾਅ ਕਰਨ 'ਤੇ ਹੈਰਾਨ-ਪਰੇਸ਼ਾਨ ਹਨ ? ਜਦ ਕਿ ਦੇਸ਼ ਦੇ ਕਾਨੂੰਨ ਮੁਤਾਬਿਕ, 'ਹੱਤਿਆ ਅਤੇ ਬਲਾਤਕਾਰ' ਜਿਹੇ ਅਪਰਾਧ ਕਰਨ ਵਾਲੇ ਮੁਜ਼ਰਿਮਾਂ/ਦੋਸ਼ੀਆਂ ਨੂੰ ਉਮਰ ਕੈਦ ਤੇ ਸਾਰੀ ਜ਼ਿੰਦਗੀ ਜੇਲ੍ਹ 'ਚ ਰੱਖਣ ਦੀ ਵਕਾਲਤ ਕਰਦਾ ਹੈ ? "ਅੱਜ! ਇਨਸਾਫ ਦੀ ਤਰਾਜੂ (ਤੱਕੜੀ ਵੀ ਮੋਮ ਦੀ ਨੱਕ ਹੈ, ਜਿਸ ਨੂੰ ਕਿਸੇ ਵੀ ਪਾਸੇ ਮੋੜਿਆ ਜਾ ਸਕਦਾ ਹੈ ?" ਇਹ ਹੈ ਦੇਸ਼ ਦਾ ਰਾਮ ਰਾਜ !

"ਕੌਮਾਂਤਰੀ ਪੱਧਰ 'ਤੇ ਧਾਰਮਿਕ ਅਜ਼ਾਦੀ ਬਾਰੇ ਅਮਰੀਕਨ ਕਮਿਸ਼ਨ ਯੂ.ਐਸ.ਸੀ. ਆਈ.ਆਰ.ਐਫ. ਨੇ ਬਿਲਕਿਸ ਬਾਨੋ ਜ਼ਬਰ-ਜਿਨਾਹ ਮਾਮਲੇ ਵਿੱਚ 11-ਦੋਸ਼ੀਆਂ ਦੀ ਰਿਹਾਈ ਨੂੰ 'ਗੈਰ ਬਾਜਵ' ਕਰਾਰ ਦਿੱਤਾ ਹੈ।ਕਮਿਸ਼ਨ ਦੇ ਉੱਪ ਚੇਅਰਮੈਨ "ਅਬਰਾਹਮ ਕੂਪਰ" ਨੇ ਇਕ ਬਿਆਨ ਵਿੱਚ ਕਿਹਾ ਹੈ "ਕਿ ਉਹ ਦੋਸ਼ੀਆਂ ਦੀ ਰਿਹਾਈ ਦੀ ਨਿੱਖੇਧੀ ਕਰਦੇ ਹਨ ਤੇ ਦੋਸ਼ੀਆਂ ਦੀ ਅਗਾਂਊ ਰਿਹਾਈ ਦਾ ਨਿਆਂ ਪ੍ਰਣਾਲੀ ਦਾ ਮਜ਼ਾਕ ਬਣਾਉਣ ਦੇ ਬਰਾਬਰ ਹੈ ? ਉਨਾਂ ਨੇ ਕਿਹਾ ਕਿ ਧਾਰਮਿਕ ਘੱਟ ਗਿਣਤੀਆਂ ਖਿਲਾਫ ਹਿੰਸਾ ਵਿਚ ਸ਼ਾਮਲ ਲੋਕਾਂ ਨੂੰ ਸਜ਼ਾ ਤੋਂ ਛੋਟ ਦਿੱਤੀ ਗਈ ਹੈ ਅਤੇ ਗੁਜਰਾਤ ਦੰਗਿਆਂ ਲਈ ਜ਼ਿੰਮੇਵਾਰਾਂ ਨੂੰ ਇਸ ਤਰ੍ਹਾਂ ਛੱਡਿਆ ਜਾਣਾ ਗੈਰ ਵਾਜਬ ਹੈ। ਇਸ ਤਰ੍ਹਾਂ ਨਾਲ ਭਾਰਤ ਵਿੱਚ ਘੱਟ ਗਿਣਤੀਆਂ ਉਪੱਰ ਜ਼ੁਲਮ ਕਰਨ ਵਾਲਿਆਂ ਨੂੰ ਬਚਾਇਆ ਜਾ ਰਿਹਾ ਹੈ ? ਜੋ ਨਿਖੇਧੀ ਯੋਗ ਹੈ !" (ਏਜੰਸੀ)

ਚਾਹੀਦਾ ਤਾਂ ਇਹ ਹੈ ਕਿ ਕਾਨੂੰਨ ਮੁਤਾਬਿਕ ਇਹੋ ਜਿਹੇ ਲੋਕਾਂ, ਅਪਰਾਧੀਆ, ਦਰਿੰਦਿਆ ਨੂੰ ਜੋ ਕਿਸੇ ਮਾਂ ਦੇ ਸਾਹਮਣੇ ਉਸ ਦੀ ਬੱਚੀ ਦਾ ਪੱਥਰਾਂ ਨਾਲ ਸਿਰ ਭੰਨ ਸੁੱਟਣ, ਉਸ ਔਰਤ ਨਾਲ ਜੋ ਪੰਜ ਮਹੀਨੇ ਦੀ ਗਰਭਵਤੀ ਸੀ, ਨਾਲ ਸਮੂਹਿਕ ਬਲਾਤਕਾਰ ਕੀਤਾ ਜਾਵੇ ਤਾਂ ਉਹਨਾਂ ਵਹਿਸ਼ੀਆਂ ਲਈ ਜ਼ਿੰਦਗੀ ਭਰ ਥਾਂ ਜੇਲ 'ਚ ਹੀ ਹੋਣੀ ਚਾਹੀਦੀ ਹੈ ? ਜਿਸ ਦੇ ਸਾਹਮਣੇ 7-ਪਰਿਵਾਰ ਦੇ ਮੈਂਬਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ ਤਾਂ ਇਹੋ ਜਿਹੇ ਅਪਰਾਧੀਆਂ ਨੂੰ ਸਖਤ ਸਜ਼ਾ ਦਿੱਤੀ ਜਾਣੀ ਹੀ ਯੋਗ ਹੈ ! ਜਾਂ ਕੁਝ ਦੁਸ਼ਟ ਤੇ ਦੁੱਖਦਾਈ ਕੰਮਾਂ ਲਈ ਕੋਈ ਇਹੋ ਜਿਹਾ ਪਛਤਾਵਾ ਵੀ ਨਾਂ ਕਰਨ ਅਤੇ ਉਹ ਵੀ ਸਜ਼ਾ ਭੁਗਤਣ ਤੇ ਬਾਦ ਵਿਚ ਵੀ ਖੁਲ੍ਹੇ-ਆਮ ਸਮਾਜ 'ਚ ਵਿਚਰਨ ਤਾਂ ਇਹੋ ਜਿਹੇ ਜਬਰ-ਜ਼ੁਲਮ ਕਰਨ ਵਾਲਾ ਭਾਂਵੇ ਉੱਚ ਜਾਤੀ ਦਾ ਬ੍ਰਾਹਮਣ ਹੀ ਕਿਉ ਨਾਂ ਹੋਵੇ ਤਾਂ ਉਹਦੇ ਲਈ ਵੀ ਉਸ ਦੇ ਵਲੋਂ ਕੀਤੇ "ਅਨਿਆਏ" ਨੂੰ ਕਾਨੂੰਨ ਵਲੋਂ "ਨਿਆਂ" 'ਚ ਬਦਲਣ ਨਾਲ ਤੇ ਉਸ ਨੂੰ ਰਿਹਾਅ ਕਰਨ ਨਾਲ ਇਹੋ ਜਿਹੇ ਕਾਨੂੰਨ ਤੋਂ ਦੇਸ਼ ਵਾਸੀਆਂ ਦਾ ਵਿਸ਼ਵਾਸ ਉੱਠ ਜਾਵੇਗਾ ? ਗੁਜਰਾਤ ਸਰਕਾਰ ਦੀ ਇਜਾਜ਼ਤ ਅਤੇ ਛੱਤਰ ਛਾਇਆ ਹੇਠ ਹੀ ਦੋਸ਼ੀ ਰਿਹਾਅ ਕੀਤੇ ਗਏ ਹਨ। ਇਹ ਗੱਲ ਉਭਰ ਕੇ ਲੋਕਾਂ ਦੇ ਸਾਹਮਣੇ ਅੱਜ ਆ ਰਹੀ ਹੈ, ਕਿ ਜਿਨ੍ਹਾਂ ਚਿਰ ਕੇਂਦਰ ਜਾਂ ਸੂਬਿਆਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ ਤਾਂ ! ਉਨ੍ਹਾਂ ਪਾਸੋਂ ਕੋਈ ਨਿਆਂ ਦੀ ਆਸ ਨਾ ਰੱਖੋ ? ਜੇਕਰ ਦੇਸ਼ ਵਿੱਚ ਨਿਆਂ-ਪਾਲਿਕਾ ਵਲੋਂ ਦੋਸ਼ੀਆਂ ਨੂੰ ਉੱਚ ਜਾਤੀ ਦਾ ਕਹਿ ਕੇ, ਚਾਲ-ਚਲਣ ਚੰਗਾ ਕਹਿਕੇ ਉਨ੍ਹਾਂ ਨੂੰ ਬਾ-ਇੱਜ਼ਤ ਬਰੀ ਕਰਨ ਦੀਆ ਪਰੰਪਰਾਵਾਂ ਜਾਂ ਕਾਰਵਾਈਆ ਕਰਨੀਆਂ ਹਨ ਤਾਂ ਦੇਸ਼ ਵਾਸੀਆਂ ਦਾ ਨਿਆਂ-ਪਾਲਿਕਾ ਤੋਂ ਵਿਸ਼ਵਾਸ਼ ਉਠ ਜਾਵੇਗਾ।ਅੱਜ ! ਘੱਟ ਗਿਣਤੀ ਲੋਕਾਂ ਦੀ ਰਾਖੀ ਕਰਨੀ ਜਿਥੇ ਸਰਕਾਰ ਦਾ ਫਰਜ਼ ਹੈ ਉਥੇ ਨਿਆਂਪਾਲਿਕਾ ਦਾ ਵੀ ਉਨ੍ਹਾ ਹੀ ਸੰਵਿਧਾਨਿਕ ਫਰਜ਼ ਬਣਦਾ ਹੈ।

"ਜੇਕਰ ਨਿਆਂ-ਪਾਲਿਕਾ ਵਿੱਚ ਲੋਕਾਂ ਦਾ ਵਿਸ਼ਵਾਸ਼ ਉਠੱਦਾ ਹੈ, ਤਾਂ ! ਲੋਕ-ਤੰਤਰ ਦੀ ਹੋਂਦ ਨੂੰ ਢਾਅ ਲੱਗ ਜਾਵੇਗੀ।ਇਹ ਯਕੀਨੀ ਬਣਾਉਣਾ ਜ਼ਰੂਰੀ ਹੈ, ਕਿ ਲੋਕਾਂ ਦਾ ਨਿਆਂ ਪਾਲਿਕਾ ਤੋਂ ਵਿਸ਼ਵਾਸ਼ ਨਾ ਉਠੇ !" (ਭਾਰਤ ਦੇ ਚੀਫ ਜਸਟਿਸ ਐਨ.ਵੀ.ਰਮਨ ?) ਉਨਾਂ ਨੇ ਇਹ ਬਿਆਨ 21-ਅਗਸਤ,2022 ਨੂੰ ਉਸ ਸਮੇਂ ਦਿੱਤਾ ਹੈ ਜਦੋਂ ਉਹ ਆਂਧਰਾਪ੍ਰਦੇਸ਼ ਦੇ ਕੋਰਟ ਕੰਪਲੈਕਸ ਦੇ ਉਦਘਾਟਨ ਮੰਚ ਤੋਂ ਬੋਲ ਰਹੇ ਸਨ। (ਅਗਲੇ ਹਫ਼ਤੇ ਉਹ ਸੇਵਾ ਮੁਕਤ ਹੋ ਰਹੇ ਹਨ।)

ਅੱਜ ! ਦੇਸ਼ ਦੇ ਸਾਰੇ ਹੀ ਨਿਆਂ-ਪਸੰਦ, ਜਮਹੂਰੀ, ਬੁੱਧੀਜੀਵੀ, ਇਸਤਰੀ ਜਥੇਬੰਦੀਆਂ ਵਲੋਂ ਦੇਸ਼ ਦੀ ਉੱਚ ਨਿਆਂ ਪਾਲਿਕਾ ਨੂੰ ਬੇਨਤੀ ਹੈ, "ਕਿ ਉਹ ਬਿਲਕਿਸ ਬਾਨੋ ਦੇ ਕੇਸ ਅੰਦਰ ਦੋਸ਼ੀਆਂ ਨੂੰ ਰਿਹਾਅ ਕਰਨ ਦੇ ਮਾਮਲੇ ਵਿੱਚ ਬਿਲਕਿਸ ਬਾਨੋ ਦੇ 'ਜੀਵਨ ਅਤੇ ਜਿਊਣ ਦੇ ਅਧਿਕਾਰ ਦੇ ਹੱਕ' ਦੀ ਰਾਖੀ ਦੀ ਰੱਖਿਆ ਕਰਨ ਦੀ ਆਸ ਰੱਖਦੇ ਹਨ।ਤਾਂ ! ਜੋ ਦੇਸ਼ ਵਿੱਚ ਰਹਿ ਰਹੇ ਘੱਟ-ਗਿਣਤੀ ਦੇ ਲੋਕ ਵੀ ਨਿਡਰ ਹੋ ਕੇ ਆਪਣੀ ਜ਼ਿੰਦਗੀ ਬਤੀਤ ਕਰ ਸਕਣ ?"

ਭਾਰਤ ਅੰਦਰ ਇਹ ਆਸ ਅਤੇ ਰਾਏ ਪ੍ਰਗਟ ਕੀਤੀ ਜਾ ਰਹੀ ਹੈ ਕਿ ਬਿਲਕਿਸ ਬਾਨੋ ਦੇ ਕੇਸ ਦੇ ਫੈਸਲੇ ਅਤੇ ਬਾਦ ਵਿੱਚ ਦੋਸ਼ੀਆਂ ਨੂੰ ਸਜਾਂ ਅਤੇ ਸਜ਼ਾ ਤੋਂ ਬਾਦ "ਬਰੀ" ਕਰਨ ਦੇ ਗੁਜਰਾਤ ਸਰਕਾਰ ਦੇ ਇਸ ਫੈਸਲੇ ਨੂੰ ਮਾਣਯੋਗ ਸੁਪਰੀਮ ਕੋਰਟ, ਇਸ ਫੈਸਲੇ ਦੀ ਸੰਵੇਦਨਤਾ ਨੂੰ ਸਮਝਦੇ ਹੋਏ ਮੁੜ ਵਿਚਾਰ ਕਰਨ ਦੀ ਖੇਚਲ ਕਰਨਗੇ ? ਇਹ ਵੀ ਆਮ ਚਰਚਾ ਹੋ ਰਹੀ ਹੈ, ਕਿ ਇਹ ਫੈਸਲਾ ਸਿਆਸੀ ਨੈਤਿਕਤਾ ਨੂੰ ਠੇਸ ਪੰਹੁਚਾਉਣ ਅਤੇ ਦੋਹਰੇ ਮਾਪ-ਦੰਡ ਵਾਲਾ ਹੈ। ਇਕ ਪਾਸੇ ਕੇਂਦਰ ਦੀ ਸਰਕਾਰ ਵਲੋਂ "ਇਸਤਰੀ ਸ਼ਸ਼ਕਤੀਕਰਨ" ਦੇ ਨਾਅਰੇ ਬੁਲੰਦ ਕੀਤੇ ਜਾ ਰਹੇ ਹਨ ਅਤੇ ਦੂਸਰੇ ਪਾਸੇ ਇਸਤਰੀਆਂ ਵਿਰੁੱਧ ਅਪਰਾਧ ਕਰਨ ਵਾਲਿਆਂ ਮੁਲਜ਼ਮਾਂ (ਦੋਸ਼ੀਆਂ) ਨੂੰ ਮੁਆਫ਼ ਕੀਤਾ ਜਾ ਰਿਹਾ ਹੈ। ਇਸ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ, ਕਿ ਇਸ ਫੈਸਲੇ ਪਿਛੇ ਦੇਸ਼ ਦੀ ਹਿਦੂੰਤਵ ਸੋਚ ਵਾਲੀ ਰਾਜ ਸੱਤਾ ਤੇ ਕਾਬਜ਼ ਰਾਜ ਸ਼ਕਤੀ-ਹਿੰਸਕ, ਨਫ਼ਰਤੀ ਅਤੇ ਵੰਡ-ਪਾਊ ਸਿਆਸਤ ਕੰਮ ਕਰ ਰਹੀ ਹੈ ! ਇਹ ਰਾਜਸੀ ਸੋਚ ਦੇਸ਼ ਦੇ ਬਹੁਲਤਾਵਾਦੀ ਭਾਈਚਾਰਕ 'ਚ ਦੁਫੇੜਾ ਵਧਾਉਣ ਅਤੇ ਪੁਰਾਣੇ ਜਖ਼ਮਾਂ ਨੂੰ ਉਧੇੜਨ ਵਾਲੀ ਹੈ।ਇਕ ਪਾਸੇ ਦੇਸ਼ ਅੰਦਰ ਜਮਹੂਰੀਅਤ ਦੀ ਬਹਾਲੀ, ਸੱਚ ਤੇ ਨਿਆਂ ਵਾਲੀ ਲੜਨ ਵਾਲੇ ਪੱਤਰਕਾਰ, ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਆਗੂਆਂ, ਚਿੰਤਕ, ਵਿਦਿਵਾਨ ਅਤੇ ਲੋਕ-ਲਹਿਰਾਂ ਦੇ ਆਗੂਆਂ ਨੂੰ ਜੇਲ੍ਹਾ 'ਚ ਭੇਜਿਆ ਜਾ ਰਿਹਾ ਹੈ; ਦੂਸਰੇ ਪਾਸੇ ਘਿਨਾਉਣੇ ਅਪਰਾਧ ਕਰਨ ਵਾਲੇ ਦੋਸ਼ੀਆਂ 'ਤੇ ਦਰਿੰਦਿਆ ਦੀਆਂ ਸਜ਼ਾਵਾਂ ਮੁਆਫ਼ ਕੀਤੀਆਂ ਜਾ ਰਹੀਆਂ ਹਨ।

ਅੱਜ ! ਦੇਸ਼ ਦੇ ਹਾਕਮਾਂ ਦਾ ਇਹ ਉਪਰੋਕਤ ਵਰਤਾਰਾ ਕਦਾਚਿੱਤ ਵੀ ਇਨਸਾਫ਼ ਪਸੰਦ ਨਹੀਂ ਹੈ। ਤਾਨਾਸ਼ਾਹੀ ਸੋਚ 'ਤੇ ਅਮਲਾਂ ਵਾਲੇ ਹਾਕਮਾਂ ਦੀ ਅਗਵਾਈ 'ਚ ਜਿਸ ਤਰ੍ਹਾਂ ਨਿਆਂ ਤੇ ਨਿਆਂ-ਪਾਲਿਕਾ ਨੂੰ ਢਾਅ ਲਗ ਰਹੀ ਹੈ, ਸਮਾਜਿਕ ਨਿਆਂ ਲੈਣ ਲਈ ਇਸਤਰੀਆਂ, ਦਲਿਤਾਂ, ਆਦਿਵਾਸੀਆਂ ਅਤੇ ਘੱਟ-ਗਿਣਤੀ ਲੋਕਾਂ ਦੇ ਹਿਤਾਂ ਤੇ ਅਧਿਕਾਰਾਂ ਨੂੰ ਛਾਂਗਿਆ ਜਾ ਰਿਹਾ ਹੈ; ਦੇਸ਼ ਦੀ ਜਮਹੂਰੀ ਪ੍ਰਣਾਲੀ ਅੰਦਰ ਇਹ ਇਕ ਗੰਭੀਰ ਚਿੰਤਾਂ ਦਾ ਵਿਸ਼ਾ ਹੈ। ਜਮਹੂਰੀ ਅਤੇ ਧਰਮ-ਨਿਰਪੱਖਤਾ ਦੇ ਵਿਨੇਸ਼ ਵਿਰੁੱਧ, ਸਮਾਜਿਕ ਜ਼ੁਲਮਾਂ ਵਿਰੁੱਧ, ਹਿਦੂੰਤਵ-ਫਿਰਕਾਪ੍ਰਸਤੀ ਦੇ ਹਮਿਲਆਂ ਦੇ ਵਿਰੁੱਧ ਅਤੇ ਘੱਟ ਗਿਣਤੀ ਦੇ ਅਧਿਕਾਰਾਂ ਦੀ ਹਿਫ਼ਾਜ਼ਤ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਯਤਨਾਂ ਲਈ ਇਕ ਮਜ਼ਬੂਤ ਜਮਹੂਰੀ, ਧਰਮ-ਨਿਰਪੱਖ ਅਤੇ ਖੱਬੀਆਂ ਸ਼ਕਤੀਆਂ ਦੇ ਏਕੇ ਰਾਹੀਂ ਵਿਆਪਕ ਲਾਮਬੰਦੀ ਦੀ ਲੋੜ ਹੈ ! ਅੱਜ !ਦੇ ਸੰਦਰਭ ਵਿੱਚ ਦੇਸ਼ ਦੀਆਂ ਸਾਰੀਆਂ ਹੀ ਇਸਤਰੀ ਜੱਥੇਬੰਦੀਆਂ ਨੂੰ ਇਕ-ਮੁੱਠ, ਇਕ-ਜੁੱਟ ਹੋ ਕੇ ਫਿਰਕੂ ਹਾਕਮਾਂ ਦੀਆ ਚਾਲਾਂ ਨੂੰ ਭਾਂਜ ਦੇਣ ਲਈ ਮੈਦਾਨ 'ਚ ਕੁਦਣਾ ਪਏਗਾ ; ਸਮਾਂ ਅੱਜ ਮੰਗ ਕਰਦਾ ਹੈ !

# ਅਸੀਂ ਉਂਕਾਰ ਦੇ ਬੱਚੇ, ਅਸੀਂ ਊੜੇ ਦੇ ਜਾਏ ਹਾਂ, ਅਸੀਂ ਪੈਂਤੀ ਦਾ ਛੱਟਾ ਦੇਣ, ਇਸ ਧਰਤੀ 'ਤੇ ਆਏ ਹਾਂ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਭਵਨ ਸਰੀ ਕੈਨੇਡਾ ਦੇ ਸੱਦੇ ਉਤੇ, ਸੁੱਖੀ ਬਾਠ ਦੀ ਅਗਵਾਈ ਵਿੱਚ ਦੋ ਦਿਨਾਂ ਸਲਾਨਾ ਸੰਮੇਲਨ-4 ਪਹਿਲੀ ਅਤੇ ਦੋ ਅਕਤੂਬਰ 2022 ਨੂੰ ਆਯੋਜਿਤ ਕੀਤਾ ਗਿਆ, ਜਿਸਦੇ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਡਾ: ਸਾਧੂ ਸਿੰਘ, ਸੁੱਖੀ ਬਾਠ, ਡਾ: ਸਤੀਸ਼ ਵਰਮਾ, ਡਾ: ਸਾਹਿਬ ਸਿੰਘ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕੀਤੀ। ਸਮਾਗਮ 'ਚ ਉਦਘਾਟਨੀ ਸ਼ਬਦ ਬੋਲਦਿਆਂ ਡਾ: ਸਤੀਸ਼ ਵਰਮਾ ਨੇ ਪੰਜਾਬ ਭਵਨ ਦੇ ਉਦਮ ਨਾਲ ਕਰਵਾਏ ਜਾ ਰਹੇ ਪ੍ਰਵਹਿ ਸੰਚਾਰ ਦੀ ਗੱਲ ਕੀਤੀ। ਡਾ: ਸਾਧੂ ਸਿੰਘ ਨੇ ਆਰੰਭਕ ਸ਼ਬਦਾਂ 'ਚ ਕਿਹਾ ਕਿ ਇਹੋ ਜਿਹੇ ਸਮਾਗਮ, ਗੋਸ਼ਟੀਆਂ, ਸਮੇਂ ਦੀ ਲੋੜ ਹਨ। ਡਾ: ਸਾਹਿਬ ਸਿੰਘ ਨੇ ਸਾਂਝ ਦੇ ਪੁਲ ਉਸਾਰਨ ਲਈ ਸੁੱਖੀ ਬਾਠ ਦੇ ਪੰਜਾਬ ਭਵਨ ਦੇ ਉਦਮ ਦੀ ਸ਼ਲਾਘਾ ਕੀਤੀ।

ਦੋ ਦਿਨਾਂ ਸੰਮੇਲਨ ਦੌਰਾਨ ਪੰਜ ਸੈਸ਼ਨ ਕਰਵਾਏ ਗਏ, ਜਿਹਨਾ ਵਿੱਚ ਵੱਖੋ-ਵੱਖਰੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਾਂ ਪੇਪਰ ਪੜ੍ਹੇ। 'ਗੁਰਮਿਤ ਦੇ ਚਾਨਣ ਵਿੱਚ' ਵਿਸ਼ੇ ਉਤੇ ਬਲਿਹਾਰੀ ਕੁਦਰਿਤ ਵਸਿਆ (ਗਿਆਨ ਸਿੰਘ ਸੰਧੂ), ਗੁਰਮਿਤ, ਬੁੱਧਮਤ ਅਤੇ ਸੂਫੀਵਾਦ ਦਾ ਸਾਂਝਾ ਧਰਾਤਲ (ਇੰਦਰਜੀਤ ਸਿੰਘ ਧਾਮੀ), ਗੁਰੂ ਨਾਨਕ ਦੀ ਵਿਸ਼ਵ ਚੇਤਨਾ(ਬਲਵਿੰਦਰ ਕੌਰ ਬਰਾੜੀ), ਸੁਚੱਜੀ ਜੀਵਨ ਜਾਚ (ਗੁਰਦੀਸ਼ ਕੌਰ ਗਰੇਵਾਲ) ਅਤੇ ਮਨੁ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣੁ(ਹਰਪ੍ਰੀਤ ਸਿੰਘ) ਨੇ ਪੇਪਰ ਪੜ੍ਹੇ ਅਤੇ ਗੁਰਮਿਤ ਦੇ ਵਿਚਾਰ ਬਿੰਦੂ ਅਤੇ ਅਜੋਕੇ ਸਮੇਂ ਦੇ ਸੰਦਰਭ 'ਚ ਇਸ ਦੇ ਪ੍ਰਭਾਵ ਸਬੰਧੀ ਵਿਆਖਿਆ ਕੀਤੀ। ਕੌਮਾਂਤਰੀ ਪੰਜਾਬੀ ਸਮਾਜ ਦਾ ਸੰਕਲਪ ਵਿਸ਼ੇ ਉਤੇ ਡਾ: ਸਤੀਸ਼ ਵਰਮਾ, ਡਾ: ਸਾਹਿਬ ਸਿੰਘ, ਸਰਬਜੀਤ ਸਿੰਘ ਸੋਹੀ ਅਤੇ ਪ੍ਰੋ: ਪ੍ਰਿਥੀਪਾਲ ਸੋਹੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕੌਮਾਂਤਰੀ ਪੰਜਾਬੀ ਸਮਾਜ ਦੀ ਸਿਰਜਨਾ ਉਤੇ ਜ਼ੋਰ ਦਿੱਤਾ, ਜਿਸ ਵਿੱਚ ਪੰਜਾਬੀ, ਪੰਜਾਬੀਅਤ ਦੇ ਨਰੋਏ ਸੰਕਲਪ ਨੂੰ ਦ੍ਰਿੜਤਾ ਨਾਲ ਅੱਗੇ ਵਧਣ ਅਤੇ ਡਿਜ਼ਟਲ ਟੈਕਨੌਲੋਜੀ ਦੀ ਵਰਤੋਂ ਕਰਦਿਆਂ ਸਮੁੱਚੀ ਦੁਨੀਆ 'ਚ ਵੱਸਦੇ ਸਮੁੱਚੇ ਪੰਜਾਬੀਆਂ, ਜਿਹਨਾ ਦੀ ਗਿਣਤੀ 13 ਤੋਂ 14 ਕਰੋੜ ਆਂਕੀ ਗਈ ਹੈ, ਨੂੰ ਇੱਕ ਲੜੀ 'ਚ ਪਰੋਣ ਲਈ ਪਹਿਲਕਦਮੀ ਕਰਨ ਲਈ ਸੁਝਾਇਆ ਗਿਆ। ਵਕਤਿਆਂ ਦਾ ਵਿਚਾਰ ਸੀ ਗੁਰਮੁੱਖੀ ਲਿਪੀ, ਸ਼ਾਹਮੁੱਖੀ ਲਿਪੀ ਦੇ ਨਾਲ-ਨਾਲ ਵਿਸ਼ਵੀ ਸੰਕਲਪ ਤਹਿਤ ਪੰਜਾਬੀ 'ਚ ਰੋਮਨ ਲਿਪੀ ਦਾ ਵਿਕਾਸ ਹੋ ਰਿਹਾ ਹੈ, ਜਿਹੜਾ ਪੰਜਾਬੀ ਦੀ ਤਰੱਕੀ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇੱਕਮੁੱਠ ਕਰਨ ਅਤੇ ਇੱਕ ਪਲੇਟਫਾਰਮ 'ਤੇ ਲਿਆਉਣ ਲਈ ਸਹਾਈ ਹੋਵੇਗਾ। ਕੈਨੇਡੀਅਨ ਸੰਚਾਰ ਮਧਿਆਮ ਤੇ ਕਲਾਵਾਂ ਵਿਸ਼ੇ ਉਤੇ ਨਵਜੋਤ ਢਿਲੋਂ, ਜਰਨੈਲ ਸਿੰਘ ਆਰਟਿਸਟ, ਰਾਜੀ ਮੁਸੱਬਰ, ਸਵੈਚ ਪਰਮਿੰਦਰ ਨੇ ਆਪਣੇ ਵਿਚਾਰ ਪੇਸ਼ ਕੀਤੇ।





ਸਮਾਗਮ ਦੇ ਦੂਜੇ ਦਿਨ 'ਕੈਨੇਡਾ ਦਾ ਪੰਜਾਬੀ ਸਾਹਿਤ' ਵਿਸ਼ੇ ਉਤੇ ਸਾਧੂ ਬਿਨਿੰਗ, ਸੁਰਜੀਤ ਕੌਰ, ਅਜਮੇਰ ਰੋਡੇ, ਡਾ: ਬਬਨੀਤ ਕੌਰ ਅਤੇ ਪ੍ਰਭਜੋਤ ਕੌਰ ਨੇ ਕੈਨੇਡਾ 'ਚ ਲਿਖੀ ਜਾ ਰਹੀ ਕਵਿਤਾ, ਕਹਾਣੀ, ਨਾਵਲ ਅਤੇ ਹੋਰ ਗਲਪ ਸਾਹਿਤ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਨੂੰ ਪ੍ਰਮੁੱਖ ਪੰਜਾਬੀ ਸਾਹਿਤ ਦੇ ਹਾਣ-ਪ੍ਰਵਾਨ ਦੱਸਿਆ। ਸਮਾਗਮ ਦੇ ਗੰਭੀਰ ਵਿਸ਼ੇ 'ਸਾਹਿਤ ਦਾ ਸਿਆਸੀ ਪਰਿਪੇਖ' ਸਬੰਧੀ ਡਾ:ਸਾਧੂ ਸਿੰਘ, ਜਸਵੀਰ ਮੰਗੂਵਾਲ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਇੰਦਰਜੀਤ ਕੌਰ ਸਿੱਧੂ ਨੇ ਆਪਣੇ ਪੇਪਰ ਪੜ੍ਹੇ। ਵਕਤਿਆਂ ਦਾ ਵਿਚਾਰ ਸੀ ਕਿ ਸਾਹਿਤ ਨੂੰ ਰਾਜਨੀਤੀ ਤੋਂ ਅਲੱਗ ਨਹੀਂ ਸਮਝਿਆ ਜਾ ਸਕਦਾ। ਉਹਨਾ ਦਾ ਇਹ ਵਿਚਾਰ ਸੀ ਕਿ ਰਾਜਨੀਤੀ ਲੋਕਾਂ 'ਤੇ ਸਾਸ਼ਨ ਕਰਨ ਦੀ ਗੱਲ ਕਰਦੀ ਹੈ ਪਰ ਸਾਹਿਤ ਲੋਕਾਂ ਦੇ ਹਿੱਤ 'ਚ ਭੁਗਤਦਾ ਹੈ।

ਸਮਾਗਮ ਵਿੱਚ ਦੋਵੇਂ ਦਿਨ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਲਗਭਗ ਦੋ ਦਰਜਨ ਸਥਾਨਕ ਕੈਨੇਡੀਅਨ ਕਵੀਆਂ ਅਤੇ ਅਮਰੀਕਾ ਤੋਂ ਪੁੱਜੇ ਰਵਿੰਦਰ ਸਹਿਰਾਅ, ਗੁਰਦਿਆਲ ਰੌਸ਼ਨ ਨੇ ਖ਼ਾਸ ਤੌਰ 'ਤੇ ਹਿੱਸਾ ਲਿਆ। ਸਮਾਗਮ 'ਚ ਦੋ ਦਰਜਨ ਤੋਂ ਵੱਧ ਪੁਸਤਕਾਂ ਰਲੀਜ਼ ਕੀਤੀਆਂ ਗਈਆਂ। ਨਾਟਕ ਸੰਮਾ ਵਾਲੀ ਡਾਂਗ(ਡਾ: ਸਾਹਿਬ ਸਿੰਘ) ਅਤੇ ਨਾਟਕ ਦਿੱਲੀ ਰੋਡ 'ਤੇ ਇੱਕ ਹਾਦਸਾ (ਅਨੀਤਾ ਸ਼ਬਦੀਸ਼) ਖੇਡੇ ਗਏ। ਪੰਜਾਬੀ ਭਵਨ ਸਲਾਨਾ ਸਮਾਗਮ ਦੌਰਾਨ ਡਾ: ਸਾਧੂ ਸਿੰਘ ਅਤੇ ਸਵਰਨ ਕੌਰ ਨੂੰ ਇਸ ਵਰ੍ਹੇ ਦਾ ਸਨਮਾਨ ਭੇਟ ਕੀਤਾ ਗਿਆ। ਸਮਾਗਮ ਦੀ ਸਟੇਜ ਸਕੱਤਰੀ ਕੁਲਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਨੇ ਕੀਤੀ।









# ਢਾਹ ਕੇ ਦਲਾਨ ਤੇ ਪਾ ਲਈਆਂ ਕੋਠੀਆਂ





ਲਖਵਿੰਦਰ ਜੌਹਲ 'ਧੱਲੇਕੇ'
ਈਮੇਲ-
johallakwinder@gmail.com
ਫ਼ੋਨ ਨੰਬਰ-
+919815959476

ਬਲਵਾਨ ਸਮੇਂ ਦੇ ਗੇੜ ਅੱਗੇ ਕਦੇ ਕੁਝ ਇੱਕੋ ਜਿਹਾ ਨਾ ਰਹਿ ਸਕਿਆ ਤੇ ਬਦਲਦੇ ਸਮੇਂ ਦੇ ਨਾਲ ਨਾਲ ਦੁਨੀਆਂ ਬਦਲਦੀ ਗਈ, ਲੋਕ ਬਦਲਦੇ ਗਏ ਅਤੇ ਰਹਿਣ ਸਹਿਣ ਵੀ ਬਦਲਦਾ ਗਿਆ। ਇੱਕ ਦੋ ਪੁਰਾਣੀਆਂ ਪੀੜ੍ਹੀਆਂ ਦੇ ਜਿਹੜੇ ਪੰਜਾਬੀਆਂ ਨੇ ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲਾਂ ਵਾਲਾ ਪੰਜਾਬ ਵੇਖਿਆ ਹੋਇਆ ਹੈ ਉਨ੍ਹਾਂ ਲਈ ਪੰਜਾਬ ਦਾ ਉਹ ਦੌਰ ਵੀ ਸੁਨਿਹਰੀ ਦੌਰ ਹੀ ਸੀ। ਪਿੰਡਾਂ ਵਿੱਚ ਮੋਬਾਇਲ ਅਤੇ ਟੈਲੀਵਿਯਨ ਹਜੇ ਆਮ ਨਹੀਂ ਸਨ ਤਾਂ ਲੋਕ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਇਕੱਠੇ ਬੈਠਦੇ ਸਨ, ਤੇ ਟਿਕਾਣੇ ਹੁੰਦੇ ਸਨ ਸੱਥਾਂ, ਖੂਹ ਅਤੇ ਦਰਵਾਜ਼ੇ। ਇਸਤੋਂ ਬਿਨ੍ਹਾਂ ਦਾਣੇ ਭੁੰਨਣ ਵਾਲ਼ੀਆਂ ਦੀਆਂ ਭੱਠੀਆਂ ਤੇ ਆਥਣ ਵੇਲੇ ਨੂੰ ਖ਼ੂਬ ਰੌਣਕਾਂ ਲੱਗਦੀਆਂ। ਇਨ੍ਹਾਂ ਸਾਰੀਆਂ ਥਾਂਵਾਂ ਉੱਤੇ ਸਾਰੇ ਜੱਗ ਜਹਾਨ ਦੀਆਂ ਗੱਲਾਂ ਵੀ ਸਾਂਝੀਆਂ ਹੁੰਦੀਆਂ, ਇਸ ਕਰਕੇ ਸਿਆਣਿਆਂ ਨੇ ਸੱਚ ਹੀ ਕਿਹਾ ਸੀ:

ਹੱਟੀ ਭੱਠੀ ਖ਼ੂਹ ਦਰਵਾਜ਼ੇ
ਗੱਲਾਂ ਹੋਣ ਜਹਾਨ ਦੀਆਂ।

ਇਨ੍ਹਾਂ ਥਾਂਵਾਂ ਤੋਂ ਇਲਾਵਾ ਪੁਰਾਣੇ ਸਮਿਆਂ ਵਿੱਚ ਜਿਆਦਾਤਰ ਘਰਾਂ ਦੇ ਮੁੱਖ ਦਰਵਾਜ਼ੇ ਦੇ ਨਾਲ ਹੀ ਛੱਤ ਪਾਕੇ ਦਲਾਨ ਬਣੇ ਹੁੰਦੇ ਸਨ ਅਤੇ ਇਹ ਕੱਚੇ ਵੀ ਹੁੰਦੇ ਸਨ ਅਤੇ ਪੱਕੇ ਵੀ। ਕਈ ਜੀਆਂ ਵਾਲੇ ਵੱਡੇ ਵੱਡੇ ਸਾਂਝੇ ਟੱਬਰ ਇਨ੍ਹਾਂ ਘਰਾਂ ਵਿੱਚ ਰਹਿੰਦੇ ਹੁੰਦੇ ਸਨ। ਹਰ ਇੱਕ ਟੱਬਰ ਨੂੰ ਇਸਦੇ ਬੜੇ ਫਾਇਦੇ ਹੁੰਦੇ ਸਨ। ਇਨ੍ਹਾਂ ਖੁੱਲ੍ਹੇ ਅਤੇ ਹਵਾਲਦਾਰ ਦਲਾਨਾਂ ਵਿੱਚ ਸਾਰਾ ਸਾਰਾ ਦਿਨ ਕਦੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਘਰ ਦੇ ਸਾਰੇ ਜੀਅ ਇਕੱਠੇ ਹੋ ਕੇ ਦਲਾਨਾਂ ਵਿੱਚ ਬੈਠਦੇ ਹੁੰਦੇ ਸਨ ਅਤੇ ਆਮ ਤੌਰ ਤੇ ਘਰ ਦੇ ਵੱਡੇ ਬਜ਼ੁਰਗ ਸਾਰਾ ਦਿਨ ਇਨ੍ਹਾਂ ਦਲਾਨਾਂ ਵਿੱਚ ਹੀ ਬੈਠੇ ਰਹਿੰਦੇ ਸਨ। ਆਂਢਣਾਂ ਗੁਆਂਢਣਾਂ ਕੱਠੀਆਂ ਹੋ ਕੇ ਦਲਾਨਾਂ ਵਿੱਚ ਖ਼ੂਬ ਰੌਣਕਾਂ ਲਾਉਂਦੀਆਂ। ਇੱਥੇ ਹੀ ਕੁੜੀਆਂ ਚਿੜੀਆਂ ਕੱਠੀਆਂ ਹੋਕੇ ਕਤਾਈ, ਬੁਣਾਈ ਅਤੇ ਹੋਰ ਨਿੱਕੇ ਮੋਟੇ ਕੰਮ ਧੰਦੇ ਕਰਦੀਆਂ ਰਹਿੰਦੀਆਂ। ਰਾਤਾਂ ਨੂੰ ਘਰ ਦੇ ਕਈ ਸਿਆਣੇ ਅਤੇ ਨਿਆਣੇ ਦਲਾਨਾਂ ਵਿੱਚ ਹੀ ਮੰਜੇ ਡਾਹ ਕੇ ਸੌਂ ਜਾਂਦੇ। ਘਰ ਆਏ ਓਪਰੇ ਬੰਦੇ ਅਤੇ ਪ੍ਰਾਹੁਣੇ ਧ੍ਰਾਹੁਣੇ ਦਾ ਸੁਆਗਤ ਜਿਆਦਾਤਰ ਦਲਾਨ ਵਿੱਚ ਹੀ ਬੈਠੇ ਕਿਸੇ ਘਰ ਦੇ ਜੀਅ ਵੱਲੋਂ ਸਭ ਤੋਂ ਪਹਿਲਾਂ ਕੀਤਾ ਜਾਂਦਾ ਹੁੰਦਾ ਸੀ। ਕੁਝ ਸਰਦੇ ਪੁੱਜਦੇ ਪਰਿਵਾਰਾਂ ਵੱਲੋਂ ਦਲਾਨ ਦੇ ਸਿਰਿਆਂ ਨਾਲ ਹੈਸੀਅਤ ਮੁਤਾਬਕ ਬੈਠਕਾਂ ਵੀ ਬਣਾਈਆਂ ਜਾਂਦੀਆਂ ਹੁੰਦੀਆਂ ਸਨ, ਜਿੱਥੇ ਆਏ ਕਿਸੇ ਮਹਿਮਾਨ ਨੂੰ ਠਹਿਰਾਇਆ ਜਾਂਦਾ ਸੀ। ਹੋਰ ਤਾਂ ਹੋਰ ਘਰ ਨਵਾਂ ਆਇਆ ਅਨਾਜ ਵੀ ਮੀਂਹ ਕਣੀ ਤੋਂ ਬਚਾਅ ਲਈ ਉਦੋਂ ਤੱਕ ਦਲਾਨਾਂ ਵਿੱਚ ਹੀ ਰੱਖ ਲਿਆ ਜਾਂਦਾ ਹੁੰਦਾ ਸੀ ਜਦੋਂ ਤੱਕ ਭੜੋਲੀਆਂ ਵਿੱਚ ਸੰਭਾਲ ਨਾ ਲਿਆ ਜਾਂਦਾ। ਜੋਗੀ ਅਤੇ ਫਕੀਰ ਲੋਕ ਇਨ੍ਹਾਂ ਦਰਵਾਜ਼ਿਆਂ ਅੱਗੇ ਆਣ ਅਲਖ ਜਗਾਉਂਦੇ ਅਤੇ ਭਿੱਖਿਆ ਮੰਗਦੇ। ਵਿਆਹ ਵੇਲੇ ਨਾਨਕਾ ਮੇਲ ਜਦੋਂ ਦਰਵਾਜ਼ੇ ਤੇ ਆ ਜਾਂਦਾ ਤਾਂ ਤੇਲ ਚੋਅ ਕੇ ਨਾਨਕਿਆਂ ਨੂੰ ਜੀ ਆਇਆ ਨੂੰ ਆਖਿਆ ਜਾਂਦਾ। ਬੋਲੀਆਂ ਵਿੱਚ ਦਾਦਕੀਆਂ ਮਾਮਾ ਮਾਮੀ ਨੂੰ ਟਿੱਚਰ ਕਰਦੀਆਂ:

ਰੜਕੇ ਰੜਕੇ ਰੜਕੇ...
ਨਾਨਕਾ ਸ਼ੱਕ ਦਾ ਵੇਲਾ ਹੋ ਗਿਆ...
ਮਾਮਾ ਮਾਮੀ ਲੜਪੇ...
ਨੀ ਮਾਮਾ ਮਾਮੀ ਨੇ...
ਕੁੱਟਿਆ ਦਲਾਨ ਵਿੱਚ ਖੜ੍ਹਕੇ...

ਅੱਜ ਵੀ ਬਹੁਤੇ ਪਿੰਡਾਂ ਵਿੱਚ ਪੁਰਾਣੇ ਡਿਜ਼ਾਇਨ ਵਾਲੇ ਦਰਵਾਜ਼ੇ ਅਤੇ ਦਲਾਨਾਂ ਵਾਲੇ ਘਰ ਹਜੇ ਬਚੇ ਹੋਏ ਹਨ। ਕਈ ਸ਼ੌਂਕੀ ਲੋਕਾਂ ਵੱਲੋਂ ਤਾਂ ਆਪਣੇ ਬਜ਼ੁਰਗਾਂ ਦੀਆਂ ਇਹ ਨਿਸ਼ਾਨੀਆਂ ਨੂੰ ਸਾਂਭ ਸੰਭਾਲ਼ਕੇ ਰੱਖਿਆ ਹੋਇਆ ਹੈ, ਪਰ ਜਿਆਦਾਤਰ ਇਹ ਮਕਾਨ ਹੁਣ ਅਣਗੌਲੇ ਜਾ ਰਹੇ ਹਨ। ਮੇਰੇ ਪਿੰਡ ਵੀ ਪੁਰਾਣੀ ਅੰਦਰਲੀ ਫਿਰਨੀ ਤੇ ਉੱਤਰ ਵੱਲ ਘੜਿਆਲੇ ਛੱਪੜ ਦੇ ਨੇੜੇ ਹਜੇ ਪੁਰਾਣੇ ਦਲਾਨਾਂ ਅਤੇ ਦਰਵਾਜ਼ਿਆਂ ਵਾਲੇ ਦੋ ਮਕਾਨ ਹਜੇ ਸਹੀ ਸਲਾਮਤ ਖੜ੍ਹੇ ਹੋਏ ਹਨ। ਜਦੋਂ ਹਾਲੇ ਪਿੰਡ ਪੁਰਾਣੀ ਫਿਰਨੀ ਤੋਂ ਬਾਹਰ ਨਹੀਂ ਸੀ ਵਧਿਆ ਤਾਂ ਸੋਚਕੇ ਦੇਖਿਆਂ ਜਾ ਸਕਦਾ ਹੈ ਕਿ ਉਸ ਸਮੇਂ ਇਨ੍ਹਾਂ ਦੀ ਕਿੰਨੀ ਟੌਹਰ ਹੁੰਦੀ ਹੋਵੇਗੀ। ਪਹਿਲਾ ਜੋ ਦਰਵਾਜ਼ਾ ਹੈ ਉਸ ਉੱਤੇ ਖੱਬੇ ਪਾਸੇ ਉਰਦੂ ਵਿੱਚ ਲਿਖਿਆ ਹੋਇਆ ਹੈ, ਇੱਕ ਓਅੰਕਾਰ ਸਤਿਗੁਰ ਪ੍ਰਸਾਦ, ਮਾਲਕ ਮਕਾਨ ਸਰਦਾਰ ਕੇਹਰ ਸਿੰਘ। ਵਿਚਕਾਰ ਗੁਰੂ ਨਾਨਕ ਦੇਵ ਜੀ ਦਾ ਰੰਗੀਨ ਚਿੱਤਰ ਬਣਿਆਂ ਹੋਇਆ ਹੈ, ਤੇ ਸੱਜੇ ਪਾਸੇ ਗੁਰਮੁਖੀ ਵਿੱਚ ਲਿਖਿਆ ਹੋਇਆ ਹੈ, ਸਤਿਨਾਮ, ਮਾਲਕ ਸਰਦਾਰ ਕੇਹਰ ਸਿੰਘ। ਦਰਵਾਜ਼ੇ ਦੀ ਬਣਤਰ ਬਿਲਕੁਲ ਪੁਰਾਣੇ ਜ਼ਮਾਨੇ ਦੀ ਹੈ। ਇਸ ਉੱਪਰ ਕੀਤਾ ਹੋਇਆ ਰੰਗ ਸ਼ਾਇਦ ਉਦੋਂ ਦਾ ਹੀ ਹੈ। ਸਮੇਂ ਨਾਲ ਰੰਗ ਭਾਂਵੇ ਫਿੱਕਾ ਪੈ ਗਿਆ ਹੈ, ਪਰ ਅੱਜ ਵੀ ਚੰਗੀ ਤਰਾਂ ਜੋ ਲਿਖਿਆ ਹੈ ਪੜ੍ਹਿਆ ਜਾ ਸਕਦਾ ਹੈ। ਇਸ ਤੋਂ ਬਿਨ੍ਹਾਂ ਅਦਭੁੱਤ ਕਲਾ ਦੇ ਨਮੂਨੇ ਨੇ ਜੋ ਉਸ ਜ਼ਮਾਨੇ ਦੇ ਕਾਰੀਗਰਾਂ ਦੀ ਕੀਤੀ ਮਿਹਨਤ ਤੇ ਹੁਨਰ ਦੀ ਗਵਾਹੀ ਭਰਦੇ ਨੇ। ਇਸ ਦਰਵਾਜ਼ੇ ਵਾਲੇ ਘਰ ਦੇ ਅੰਦਰ ਕੌਣ ਪਰਿਵਾਰ ਹੁਣ ਰਹਿ ਰਿਹਾ ਹੈ ਜਾਂ ਇਹ ਘਰ ਹੁਣ ਕਿਸਦੀ ਮਲਕੀਅਤ ਹੈ ਇਸ ਬਾਬਤ ਕੋਈ ਜਾਣਕਾਰੀ ਨਹੀਂ ਹੈ। ਜਦੋਂ ਕਿ ਬਿਲਕੁਲ ਇਸਦੇ ਨਾਲ ਲੱਗਦੇ ਹਰੇ ਰੰਗ ਵਾਲੇ ਪੁਰਾਣੇ ਦਰਵਾਜ਼ੇ ਵਾਲਾ ਘਰ ਪਿੰਡ ਦੇ ਹੀ ਸ੍ਰ. ਠਾਣਾ ਸਿੰਘ ਦਾ ਹੈ ਜਿੰਨ੍ਹਾਂ ਦਾ ਪੂਰਾ ਪਰਿਵਾਰ ਵਿਦੇਸ਼ ਰਹਿੰਦਾ ਹੈ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਇਸ ਦਰਵਾਜ਼ੇ ਤੇ ਦਲਾਨ ਦੀ ਲੋੜੀਂਦੀ ਮੁਰੰਮਤ ਕਰਵਾਕੇ ਰੰਗ ਕਰਵਾ ਦਿੱਤਾ। ਇਸ ਦਰਵਾਜ਼ੇ ਉੱਪਰ ਵਿਚਕਾਰ ਗੁਰੂ ਗੋਬਿੰਦ ਸਿੰਘ ਜੀ ਦੀ ਉੱਭਰਵੀ ਤਸਵੀਰ ਬਣੀ ਹੋਈ ਹੈ ਅਤੇ ਥੱਲੇ ਇਸ ਦਰਵਾਜ਼ੇ ਦੇ ਬਣਨ ਦਾ ਸਾਲ ਤੇ ਮਹੀਨਾ ਲਿਖਿਆ ਹੋਇਆ ਹੈ( ਜੂਨ, 1941)। ਜਿਸਤੋਂ ਇਹ ਸਾਫ਼ ਪਤਾ ਲੱਗ ਰਿਹਾ ਹੈ ਕਿ ਇਹ ਦੋਵੇਂ ਦਰਵਾਜ਼ੇ ਸੰਤਾਲੀ ਦੀ ਵੰਡ ਤੋਂ ਪਹਿਲਾਂ ਤਾਮੀਰ ਹੋਏ ਨੇ। ਦੋਵੇਂ ਮਕਾਨਾਂ ਦੇ ਮੁੱਖ ਦਰਵਾਜ਼ਿਆਂ ਤੇ ਬਣੇ ਦੀਵੇ ਰੱਖਣ ਵਾਲੇ ਆਲੇ, ਵੇਲ-ਬੂਟੀਆਂ ਅਤੇ ਫੁੱਲਾਂ ਦੇ ਹੋਰ ਡਿਜ਼ਾਇਨ ਹਰ ਇੱਕ ਨੂੰ ਹੀ ਬਹੁਤ ਹੈਰਾਨ ਕਰਦੇ ਹਨ ਕਿ ਕਿੰਨੇ ਸਬਰ ਅਤੇ ਮਿਹਨਤ ਨਾਲ ਕਾਰੀਗਰਾਂ ਨੇ ਇਹ ਕੰਮ ਕੀਤਾ ਹੋਵੇਗਾ।


ਬਜ਼ੁਰਗਾਂ ਮੁਤਾਬਕ ਇਹੋ ਜਿਹੇ ਦਰਵਾਜ਼ੇ ਬਣਾਉਣ ਦੇ ਮਾਹਰ ਕੁਝ ਗਿਣੇ ਚੁਣੇ ਕਾਰੀਗਰ ਹੁੰਦੇ ਸਨ। ਚਿਣਾਈ ਜਿਆਦਾਤਰ ਚੂਨੇ ਦੀ ਹੀ ਹੁੰਦੀ ਸੀ। ਕਹਿੰਦੇ ਨੇ ਕਿ ਸੀਮਿੰਟ ਦੀ ਚਿਣਾਈ ਦੀ ਮੁਨਿਆਦ ਪੰਜਾਹ ਸਾਲ ਤੱਕ ਮਿਥੀ ਜਾਂਦੀ ਹੈ ਜਦੋਂਕਿ ਚੂਨੇ ਦੀ ਉਮਰ ਹੀ ਪੰਜਾਹ ਸਾਲ ਤੋਂ ਸ਼ੁਰੂ ਹੁੰਦੀ ਹੈ ਅਤੇ ਸਦੀਆਂ ਤੱਕ ਇਸਦੀ ਮੁਨਿਆਦ ਹੁੰਦੀ ਹੈ। ਇਹ ਗੱਲ ਵੀ ਸੱਚ ਹੀ ਜਾਪਦੀ ਹੈ ਤੇ ਆਸਪਾਸ ਪੁਰਾਣੀਆਂ ਇਮਾਰਤਾਂ ਤੋਂ ਇਸਦੀ ਪੁਸ਼ਟੀ ਵੀ ਕੀਤੀ ਜਾ ਸਕਦੀ ਹੈ। ਕਿਸੇ ਵੇਲੇ ਜਦੋਂ ਇਹ ਪੁਰਾਣੇ ਘਰਾਂ ਵਾਲੀ ਗਲੀ ਪਿੰਡ ਦੀ ਬਾਹਰਲੀ ਫਿਰਨੀ ਹੁੰਦੀ ਹੋਵੇਗੀ ਤਾਂ ਇਹ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਹੋ ਜਿਹੇ ਹੋਰ ਵੀ ਕਈ ਘਰ ਹੁੰਦੇ ਹੋਣਗੇ ਜੋ ਤਰੱਕੀ ਦੀ ਭੇਂਟ ਚੜ੍ਹ ਗਏ ਨੇ ਜਦੋਂਕਿ ਇਹ ਦੋ ਘਰ ਤੇ ਦਰਵਾਜ਼ੇ ਹਜੇ ਬਚੇ ਹੋਏ ਨੇ। ਇੰਨ੍ਹਾਂ ਦੋਨਾਂ ਦਰਵਾਜ਼ਿਆਂ ਨਾਲ ਵੱਡੇ ਵੱਡੇ ਭਾਰੀ ਅਤੇ ਮਜ਼ਬੂਤ ਸ਼ਤੀਰਾਂ ਸਹਾਰੇ ਖੜ੍ਹੇ ਦਲਾਨ ਹਜੇ ਵੀ ਵੇਖੇ ਜਾ ਸਕਦੇ ਹਨ।

ਬਦਲਦੇ ਸਮੇਂ ਨਾਲ ਨਾਲ ਲੋਕਾ ਨੇ ਨਵੇਂ ਘਰ ਬਣਾਉਣੇ ਸ਼ੁਰੂ ਕੀਤੇ ਤਾਂ ਬਹੁਤੇ ਪੁਰਾਣੇ ਦਰਵਾਜ਼ੇ ਅਤੇ ਦਲਾਨ ਢਾਹ ਦਿੱਤੇ ਗਏ। ਨਵੀਂ ਤਕਨੀਕ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਆਲੀਸ਼ਾਨ ਕੋਠੀਆਂ ਉਸਾਰ ਲਈਆਂ ਗਈਆਂ। ਬਹੁਤੇ ਪਰਿਵਾਰ ਤਾਂ ਪਿੰਡਾਂ ਵਿੱਚੋਂ ਉੱਠਕੇ ਬਾਹਰ ਨਿਆਈਆਂ ਵਿੱਚ ਨਵੇਂ ਘਰ ਅਤੇ ਕੋਠੀਆਂ ਪਾਕੇ ਰਹਿਣ ਲੱਗ ਪਏ ਤੇ ਪਿੰਡਾਂ ਵਿੱਚ ਰੌਣਕ ਘਟਣੀ ਸ਼ੁਰੂ ਹੋ ਗਈ। ਘਰ ਘਰ ਮੋਬਾਇਲ ਅਤੇ ਟੈਲੀਵਿਯਨ ਆਮ ਆ ਗਏ। ਆਪਸੀ ਸਾਂਝ ਅਤੇ ਮੋਹ ਪਿਆਰ ਖਤਮ ਹੋ ਗਏ ਜਦੋਂਕਿ ਪਹਿਲਾਂ ਕਦੇ ਇੱਕ ਦੂਜੇ ਨਾਲ ਮਿਲਦਿਆਂ ਚਾਅ ਜਿਹਾ ਚੜ੍ਹ ਜਾਣਾ। ਪਿੰਡਾਂ ਵਿੱਚ ਭਾਈਚਾਰਕ ਸਾਂਝ ਦਾ ਖ਼ਾਤਮਾ ਸਭ ਤੋਂ ਪਹਿਲਾਂ ਸਿਆਸੀ ਪਾਰਟੀਬਾਜ਼ੀ ਨੇ ਕੀਤਾ। ਜਿਹੜੇ ਦਲਾਨਾਂ ਵਿੱਚ ਕਦੇ ਟੱਬਰਾਂ ਦੇ ਟੱਬਰ ਇਕੱਠੇ ਹੋ ਕੇ ਬੈਠਦੇ ਸਨ ਉਹ ਹੁਣ ਬਹੁਤੇ ਬਚੇ ਨਹੀਂ ਅਤੇ ਜਿਹੜੇ ਬਚੇ ਹੋਏ ਨੇ ਉਨ੍ਹਾਂ ਘਰਾਂ ਨੂੰ ਜਿਆਦਾਤਰ ਤਾਲੇ ਲੱਗੇ ਹੋਏ ਨੇ। ਬਹੁਤੇ ਪੁਰਾਣੇ ਦਲਾਨ ਜਾਂ ਤਾਂ ਅੱਜ-ਕੱਲ੍ਹ ਤੂੜੀ ਨਾਲ ਡੱਕੇ ਹੋਏ ਨੇ ਜਾਂ ਫਿਰ ਬਹੁਤਿਆਂ ਵਿੱਚ ਪਸ਼ੂ ਬੰਨ੍ਹੇ ਹੋਏ ਹੀ ਮਿਲਦੇ ਹਨ। ਵੱਡੇ ਸਾਂਝੇ ਟੱਬਰ ਟੁੱਟ ਚੁੱਕੇ ਹਨ। ਇਕੱਠੇ ਹੋ ਕੇ ਬੈਠਣ ਦਾ ਵਿਹਲ ਅੱਜ-ਕੱਲ੍ਹ ਕਿਸੇ ਕੋਲ ਵੀ ਨਹੀਂ। ਟੱਬਰਾਂ ਦੇ ਟੱਬਰ ਆਏ ਦਿਨ ਵਿਦੇਸ਼ਾਂ ਨੂੰ ਜਾ ਰਹੇ ਹਨ ਅਤੇ ਬਹੁਤੀਆਂ ਕੋਠੀਆਂ ਵੀਰਾਨ ਪਈਆਂ ਹਨ ਅਤੇ ਦਰਵਾਜ਼ਿਆਂ ਤੇ ਜਿੰਦਰੇ ਲੱਗੇ ਹੋਏ ਹਨ। ਮੈਂ ਕਦੇ ਕਦੇ ਸੋਚਦਾ ਹਾਂ ਕਿ ਕੀ ਕੋਠੀਆਂ ਦਾ ਹਾਲ ਵੀ ਇੱਕ ਦਿਨ ਉਹ ਹੀ ਹੋਣਾ ਜੋ ਹੁਣ ਇੰਨ੍ਹਾਂ ਪੁਰਾਣੇ ਘਰਾਂ ਦਾ ਹੋ ਰਿਹਾ ਹੈ।

ਇਹ ਵੀ ਸੱਚ ਹੈ ਕਿ ਬਦਲਦੇ ਸਮੇਂ ਦੇ ਨਾਲ ਨਾਲ ਹੀ ਚੱਲਣਾ ਪੈਂਦਾ ਹੈ ਕਿਉਂਕਿ ਸਮਾਂ ਬਹੁਤ ਤਾਕਤਵਰ ਹੈ ਜਿਸਨੇ ਕਿਸੇ ਨੂੰ ਵੀ ਨਹੀਂ ਬਖ਼ਸ਼ਿਆ। ਆਉਣ ਵਾਲੇ ਵਕਤ ਵਿੱਚ ਬਚੇ ਹੋਏ ਇਹ ਪੁਰਾਣੇ ਘਰ ਅਤੇ ਦਲਾਨ ਹਜੇ ਹੋਰ ਕਿੰਨੀ ਦੇਰ ਤੱਕ ਸਲਾਮਤ ਰਹਿੰਦੇ ਹਨ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਜ਼ਰੂਰ ਕਿਹਾ ਜਾ ਸਕਦਾ ਕਿ ਜੋ ਮੋਹ ਪਿਆਰ ਅਤੇ ਸਾਂਝ ਪਹਿਲਾਂ ਲੋਕਾਂ ਵਿੱਚ ਹੁੰਦੀ ਸੀ ਉਹ ਕਦੇ ਵਾਪਸ ਨਹੀਂ ਆ ਸਕਦੀ। ਜੋ ਰੌਣਕ ਕਦੇ ਦਰਵਾਜ਼ਿਆਂ ਅਤੇ ਦਲਾਨਾਂ ਵਿੱਚ ਲੱਗਦੀ ਹੁੰਦੀ ਸੀ ਉਹ ਦੁਬਾਰਾ ਨਹੀਂ ਲੱਗਣੀ। ਛੋਟੇ ਟੱਬਰਾਂ ਦੇ ਇਕਲੌਤੇ ਧੀਆਂ ਪੁੱਤਾਂ ਦੇ ਵਿਦੇਸ਼ਾਂ ਵਿੱਚ ਵੱਸਣ ਦਾ ਰੁਝਾਨ ਪਿੰਡਾਂ ਦੀ ਬਚੀ ਖੁਚੀ ਰੌਣਕ ਵੀ ਖਤਮ ਕਰ ਦੇਵੇਗਾ। ਪੁਰਾਣੇ ਜ਼ਮਾਨੇ ਦੇ ਪੰਜਾਬ ਦਾ ਜ਼ਿਕਰ ਸਿਰਫ ਗੱਲਾਂ ਬਾਤਾਂ ਵਿੱਚ ਹੀ ਰਹਿ ਜਾਵੇਗਾ, ਤੇ ਇਹ ਗੱਲਾਂ ਬਾਤਾਂ ਸੁਣਨ ਦਾ ਵਕਤ ਵੀ ਸ਼ਾਇਦ ਕਿਸੇ ਕੋਲ ਨਾ ਰਹੇ।

ਸਾਡਾ ਵਿਰਸਾ

# "ਆਓ ਯਾਦ ਕਰੀਏ ਪੁਰਾਤਨ ਪਿੰਡ ਦੀ ਦੁਕਾਨ ਨੂੰ ਜਿੱਥੋਂ "ਰੂੰਗਾ" ਮਿਲਦਾ ਹੁੰਦਾ ਸੀ"



ਜਸਵੀਰ ਸ਼ਰਮਾਂ ਦੱਦਾਹੂਰ
95691-49556
ਸ੍ਰੀ ਮੁਕਤਸਰ ਸਾਹਿਬ

ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ ਅਤੇ ਚਲਦੇ ਹੀ ਰਹਿਣਾ ਹੈ, ਹਾਂ ਆਪਾਂ ਨੂੰ ਸਮੇਂ ਤੇ ਹਾਲਾਤਾਂ ਨਾਲ ਬਦਲਣਾ ਪੈਂਦਾ ਹੈ ਅਤੇ ਬਦਲ ਵੀ ਰਹੇ ਹਾਂ।ਇਹ ਕੁਦਰਤ ਦਾ ਨੇਮ ਵੀ ਹੈ ਕਿ ਜੋ ਕੱਲ੍ਹ ਸੀ ਓਹ ਅੱਜ ਕਿਧਰੇ ਵੀ ਨਹੀਂ ਦਿਸਦਾ ਤੇ ਜੋ ਕੁੱਝ ਆਪਾਂ ਅੱਜ ਦੇਖ ਰਹੇ ਹਾਂ ਇਹ ਵੀ ਨਿਸਚਿੰਤ ਹੈ ਕਿ ਆਉਣ ਵਾਲੇ ਸਮੇਂ ਚ ਨਹੀਂ ਰਹਿਣਾ।

ਸਾਡੇ ਪੁਰਖਿਆਂ ਵੇਲੇ ਕਹਿ ਲਈਏ ਜਾਂ ਵੱਡ ਵਡੇਰਿਆਂ ਵੇਲੇ ਜੋ ਪਿੰਡਾਂ ਵਿੱਚ ਕਹਿਣ ਨੂੰ ਬੇਸੱਕ ਕਰਿਆਨੇ ਦੀਆਂ ਦੁਕਾਨਾਂ ਹੁੰਦੀਆਂ ਸਨ,ਪਰ ਓਹਨਾਂ ਚੋਂ ਮਿਲ ਸੱਭ ਕੁੱਝ ਹੀ ਜਾਂਦਾ ਸੀ,ਜੋ ਹੁਣ ਅਲੱਗ ਅਲੱਗ ਦੁਕਾਨਾਂ ਤੋਂ ਖਰੀਦਣਾ ਪੈਂਦਾ ਹੈ।ਲੂਣ ਤੇਲ ਮਿਰਚ ਮਸਾਲਾ ਭਾਵ ਰਸੋਈ ਦੇ ਸਮਾਨ ਦੇ ਨਾਲ ਨਾਲ,ਬਹੁਕਰ ਝਾੜੂ,ਮਿੱਟੀ ਦਾ ਤੇਲ, ਸਰੋਂ ਦਾ ਤੇਲ (ਖੁਲ੍ਹੇ)ਹੁਣ ਵਾਂਗ ਬੋਤਲ ਬੰਦ ਨਹੀਂ ਸਗੋਂ ਪਲੀ ਦੇ ਨਾਲ ਸਰੋਂ ਦਾ ਤੇਲ ਤੇ ਪਲੀ ਦੇ ਨਾਲ ਹੀ ਮਿੱਟੀ ਦਾ ਤੇਲ ਮਿਲ ਜਾਂਦਾ ਸੀ। ਮੱਝਾਂ ਗਾਵਾਂ ਦੇ ਸੰਗਲ,ਖੁਰਪੇ, ਮਿਸਤਰੀ ਦੇ ਵਰਤਣ ਵਾਲਾ ਸਮਾਨ, ਸਾਰੇ ਰੰਗਾਂ ਦੀਆਂ ਗੀਲ੍ਹਾਂ,ਹਰ ਕਿਸਮ ਦਾ ਰੰਗ,ਡੋਰ, ਪਤੰਗ ਦੀ ਡੋਰ,ਚਰਖੜੀ,ਖੁਲ੍ਹਾ ਕਣਕ ਮੱਕੀ ਦਾ ਆਟਾ, ਵੇਸਣ ਗੱਲ ਕੀ ਹਰ ਓਹ ਸਮਾਨ ਪਿੰਡਾਂ ਚੋਂ ਮਿਲਦਾ ਰਿਹਾ ਹੈ ਜੋ ਅਜੋਕੇ ਸਮਿਆਂ ਵਿੱਚ ਅਲੱਗ ਅਲੱਗ ਦੁਕਾਨਾਂ ਤੋਂ ਮਿਲਦਾ ਹੈ, ਹੋਰ ਤਾਂ ਹੋਰ ਓਨਾਂ ਸਮਿਆਂ ਵਿੱਚ ਕਿਸਮਤ ਪੁੜੀਆਂ ਵੀ ਹਰ ਪਿੰਡ ਦੀ ਦੁਕਾਨ ਵਿੱਚ ਕਲੰਡਰਾਂ ਦੇ ਰੂਪ ਵਿੱਚ ਟੰਗੀਆਂ ਹੁੰਦੀਆਂ ਸਨ, ਜਿਥੋਂ ਅਸੀਂ ਆਪਣੀ ਮਨਪਸੰਦ ਦੀਆਂ ਕਿਸਮਤ ਪੁੜੀਆਂ ਪਟਦੇ ਰਹੇ ਹਾਂ, ਅਤੇ ਆਪਣੀ ਕਿਸਮਤ ਅਜਮਾਉਂਦੇ ਰਹੇ ਹਾਂ ਉਦਾਹਰਣ ਦੇ ਤੌਰ ਤੇ ਹੁਣ ਕਿਸੇ ਕਰਿਆਣੇ ਦੀ ਦੁਕਾਨ ਤੋਂ ਮੱਝ ਦਾ ਸੰਗਲ ਮੰਜੇ ਦੀ ਪੈਂਦ ਚੂਹੇ ਫੜਨ ਵਾਲੀ ਕੁੜਿਕੀ ਨਹੀ ਮਿਲਦੀ ਸਗੋਂ ਓਹ ਦੁਕਾਨ ਹੀ ਅਲੱਗ ਹੁੰਦੀ ਹੈ,ਪਰ ਪੁਰਾਤਨ ਸਮਿਆਂ ਵਿੱਚ ਉਪਰੋਕਤ ਸਾਰਾ ਸਮਾਨ ਪੇਂਡੂ ਖਿੱਤਿਆਂ ਦੀਆਂ ਆਮ ਦੁਕਾਨਾਂ ਤੋਂ ਮਿਲਦਾ ਰਿਹਾ ਹੈ।

ਸੱਭ ਤੋਂ ਵੱਡੀ ਗੱਲ ਕਿ ਹਰ ਇੱਕ ਚੀਜ ਲੈਣ ਤੋਂ ਬਾਅਦ ਜੋ 'ਰੂੰਗਾ' ਮਿਲਦਾ ਸੀ ਓਹ ਅੱਜ ਕੱਲ੍ਹ ਦੇ ਅਗਾਂਹਵਧੂ ਜਮਾਨੇ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਜਾ ਵੱਡੇ ਵੱਡੇ ਮਾਲਾਂ ਵਿੱਚੋਂ ਨਹੀਂ ਮਿਲਦਾ।ਮਿਲਦਾ ਹੀ ਬਲਕਿ ਸਾਡੀ ਅਜੋਕੀ ਪੀੜ੍ਹੀ ਰੂੰਗਾ ਜਾਣਦੀਆਂ ਹੀ ਨਹੀਂ ਕਿ ਰੂੰਗਾ ਕਹਿੰਦੇ ਕੀਹਨੂੰ ਹਨ ? ਓਦੋਂ ਅਸੀਂ ਥੋੜਾ ਥੋੜਾ ਸਮਾਨ ਦੁਕਾਨ ਤੋਂ ਲੈਣ ਜਾਂਦੇ ਸਾਂ ਭੱਜ ਭੱਜ ਕੇ, ਸਿਰਫ ਵਾਰ ਵਾਰ ਰੂੰਗਾ ਲੈਣ ਲਈ।ਇਹ ਰੂੰਗਾ ਸੀ ਕਿ,ਸੌਦਾ ਲੈਣ ਤੋਂ ਬਾਅਦ ਦੁਕਾਨਦਾਰ ਨੂੰ ਕਹਿਣਾ ਕਿ ਲਿਆ ਰੂੰਗਾ ਦੇਹ ਤਾਂ ਓਹਨੇ ਜੁਆਕਾਂ ਦੇ ਹੱਥ ਤੇ ਖਿੱਲਾਂ ਫੁਲੀਆਂ ਪਤਾਸੇ ਜਾਂ ਮਿੱਠੀਆਂ ਦੋ ਗੋਲੀਆਂ ਦੇ ਦੇਣੀਆਂ,ਇਸ ਨਾਲ ਦੁਕਾਨਦਾਰ ਦੀ ਵਿਕਰੀ ਵੀ ਵਧਦੀ ਸੀ, ਕਿਉਂਕਿ ਜਿਹੜਾ ਦੁਕਾਨਦਾਰ ਜਿ?ਆਦਾ ਰੂੰਗਾ ਦਿੰਦਾ ਸੀ ਅਸੀਂ ਸਮਾਨ ਵੀ ਓਥੋਂ ਹੀ ਲਿਆਉਂਦੇ ਸਾਂ, ਸੱਚੀਂ ਮੁੱਚੀਂ ਜਿਨ੍ਹਾਂ ਪਿਆਰ ਸਤਿਕਾਰ ਇਨ੍ਹਾਂ ਛੋਟੀਆਂ ਪੇਂਡੂ ਦੁਕਾਨਾਂ ਤੋਂ ਮਿਲਦਾ ਰਿਹਾ ਹੈ ਓਨਾ ਅਜੋਕੇ ਸਮੇਂ ਵਿੱਚ ਬਣੇ ਅਸਮਾਨ ਛੂੰਹਦੇ ਮਾਲਾਂ ਵਿੱਚੋਂ ਨਹੀਂ ਮਿਲਦਾ,ਇਸੇ ਕਰਕੇ ਹੀ ਓਹਨਾਂ ਸਮਿਆਂ ਦੀਆਂ ਪੇਂਡੂ ਖਿੱਤਿਆਂ ਦੀਆਂ ਦੁਕਾਨਾਂ ਨੂੰ "ਸੰਪੂਰਨ" ਦੁਕਾਨ ਕਿਹਾ ਜਾਂਦਾ ਰਿਹਾ ਹੈ। ਪਰ ਹੁਣ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲੇ ਹੋ ਗਏ ਨੇ।ਸਮੇਂ ਨਾਲ ਓਹ ਦੁਕਾਨਾਂ ਨੇ ਪਿੰਡਾਂ ਵਿੱਚ ਵੀ ਆਪਣਾ ਰੂਪ ਬਦਲ ਕੇ ਮਾਲ ਦਾ ਰੂਪ ਅਖਤਿਆਰ ਕਰ ਲਿਆ ਹੈ,ਭਾਵ ਵੱਡੇ ਵੱਡੇ ਏ ਸੀ ਅਤੇ ਸੀਸੇ ਲਾ ਕੇ ਬੰਦ ਦੁਕਾਨਾਂ ਬਣ ਗਈਆਂ ਹਨ, ਤੇ ਸਹਿਰਾਂ ਦੀ ਤਾਂ ਗੱਲ ਈ ਛੱਡੋ।ਪਰ ਹੁਣ ਇਨ੍ਹਾਂ ਏ ਸੀ ਵਾਲੇ ਵੱਡੇ ਮਾਲਾਂ ਵਿੱਚ ਰੂੰਗਾ ਕਿਤੋਂ ਵੀ ਨਹੀਂ ਮਿਲਦਾ, ਤੇ ਆਮ ਦਿਹਾੜੀਦਾਰ ਬੰਦਾ ਇਨ੍ਹਾਂ ਮਹਿੰਗੇ ਏ ਸੀ ਮਾਲਾਂ ਭਾਵ ਦੁਕਾਨਾਂ ਅੰਦਰ ਜਾਣ ਤੋਂ ਕੰਨੀ ਕਤਰਾਉਂਦਾ ਹੈ, ਕਿਉਂਕਿ ਅੰਤਾਂ ਦੀ ਮਹਿੰਗਾਈ ਨੇ ਗਰੀਬ ਵਿਅਕਤੀ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ,ਦੋ ਡੰਗ ਦੀ ਰੋਟੀ ਦੇ ਲਾਲੇ ਪਏ ਹੋਏ ਹਨ।




ਸੋ ਗੱਲ ਓਹੀ ਹੈ ਕਿ ਸਮੇਂ ਸਮੇਂ ਨਾਲ ਬਦਲਾਅ ਆਉਣਾ ਕੁਦਰਤੀ ਨੇਮ ਹੈ,ਪਰ ਕਦੇ ਕਦੇ ਜਦੋਂ ਇਹੋ ਜਿਹੀ ਕੋਈ ਫੋਟੋ (ਜੋ ਲੇਖ ਚ ਨਜਰ ਆਉਂਦੀ ਹੈ) ਤਾਂ ਸੁਭਾਵਿਕ ਹੀ ਇਸ ਤੋਂ ਇੱਕ ਲੇਖ ਬਣ ਜਾਂਦਾ ਹੈ ਤੇ ਅਖਬਾਰਾਂ ਰਾਹੀਂ ਦੋਸਤਾਂ ਮਿੱਤਰਾਂ ਨਾਲ ਸਾਂਝ ਪਾ ਲਈਦੀ ਹੈ ਗੱਲਾਂ ਬਾਤਾਂ ਦੀ।ਇਹ ਸਾਡਾ ਅਨਿਖੜਵਾਂ ਵਿਰਸਾ ਰਿਹਾ ਹੈ ਅਤੇ ਇਹਦਾ ਅਨੰਦ ਵੀ ਮਾਣਦੇ ਰਹੇ ਹਾਂ,ਪਰ ਹੁਣ ਇਹ ਦੁਕਾਨਾਂ ਸੁਪਨਾ ਹੋ ਗਈਆਂ ਹਨ।ਇਹ ਗੱਲ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੇਰੀ ਹਮ ਉਮਰ ਦੋਸਤ ਭਾਵ ਸੱਠ ਸਾਲ ਤੋਂ ਉੱਪਰ ਵਾਲੇ ਇਹੋ ਜਿਹੇ ਲੇਖਾਂ ਨੂੰ ਉਡੀਕਦੇ ਵੀ ਰਹਿੰਦੇ ਹਨ, ਤੇ ਫੋਨ ਕਰਕੇ ਹੌਸਲਾ ਅਫਜਾਈ ਵੀ ਕਰਦੇ ਹਨ, ਤੇ ਕਈ ਕਈ ਦੋਸਤ ਭਾਵੁਕ ਵੀ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਵੇਖਿਆ ਤਾਂ ਇਹ ਸੱਭ ਕੁਝ ਹੈ ਪਰ ਸਮੇਂ ਵਾਪਿਸ ਆਉਣ ਦੀ ਕੋਈ ਉਮੀਦ ਨਹੀਂ ਹੈ।

(ਨੋਟ:ਇਹ ਫੋਟੋ ਦਾਸ ਨੂੰ ਵਟਸਐਪ ਤੇ ਇੱਕ ਦੋਸਤ ਨੇ ਭੇਜੀ ਸਾਬਾਸ ਫੋਟੋ ਬਣਾਉਣ ਵਾਲੇ ਦੇ ਵੀ ਜੀ)

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs



StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * AUTO * LIFE
* DISABILTY * RRSP * RESP
* VEHICLE FINANCE * CRITICAL ILLNESS * MUTUAL FUNDS

Romi Sidhu, Agent

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।



ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ

ਪੰਜਾਬੀ ਬੋਲਣ ਵਾਲਾ ਸਟਾਫ

East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!




For more info call:
Sandeep Pandher
MANAGER
at 403-999-2500




# ਔਹ ਜਾਂਦੈ ਅਸ਼ੋਕ ਬਾਂਸਲ ਮਾਨਸਾ ਆਲਾ

ਮੋਹ, ਮੁਹੱਬਤ,ਮਿੱਠਤ,ਹਲੀਮੀ, ਨਿਮਰਤਾ, ਸਾਦਗੀ, ਸੰਜੀਦਗੀ, ਸਿਦਕ,ਸਿਰੜ ਜਿਹੇ ਗੁਣਾਂ ਦੇ ਸੁਮੇਲ ਦਾ ਨਾਮ ਹੈ ਅਸ਼ੋਕ ਬਾਂਸਲ ਮਾਨਸਾ। ਪੰਜਾਬੀ ਗੀਤ ਸੰਗੀਤ ਅਤੇ ਗੀਤਕਾਰਾਂ, ਲਿਖਾਰੀਆਂ, ਕਲਾਕਾਰਾਂ, ਗਾਇਕਾਂ, ਕਿੱਸਾਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਅੰਤਾਂ ਦਾ ਪਿਆਰ ਸਤਿਕਾਰ ਕਰਨ ਵਾਲੀ ਸ਼ਖ਼ਸੀਅਤ ਦਾ ਨਾਮ ਹੈ ਅਸ਼ੋਕ ਬਾਂਸਲ ਮਾਨਸਾ। ਪਿਛਲੇ ਦਿਨੀਂ ਆਪਣੀ ਕਾਰੋਬਾਰੀ ਅਤੇ ਅਤਿਅੰਤ ਰੁਝੇਂਵਿਆਂ ਭਰੀ ਜ਼ਿੰਦਗੀ ਵਿਚੋਂ ਸਮੇਂ ਚੋਂ ਸਮਾਂ ਕੱਢ ਕੇ, ਬਹੁਤ ਮਿਹਨਤਾਂ ਮੁਸ਼ੱਕਤਾਂ ਨਾਲ ਤੱਥ ਇਕੱਠੇ ਕਰਕੇ, ਰਾਤਾਂ ਜਾਗ ਕੇ ਲਿਖੀ ਇਕ ਦੁਰਲੱਭ ਦਸਤਾਵੇਜ਼ ਜਿਹੀ ਕਿਤਾਬ ' ਮਿੱਟੀ ਨੂੰ ਫਰੋਲ ਜੋਗੀਆ ' ਦੇ ਸਿਲਸਿਲੇ ਵਿਚ ਪਿਛਲੇ ਦਿਨੀਂ 80 ਕੁ ਦਿਨਾਂ ਦੇ ਦੌਰੇ ਤੇ ਅਮਰੀਕਾ ਫੇਰੀ ਤੇ ਗਏ ਸਨ।





ਆਮ ਤੌਰ ਤੇ ਵਿਦੇਸ਼ ਗਏ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਕੋਲ ਤਾਂ ਆਪਣਿਆਂ ਲਈ ਵੀ ਸਮਾਂ ਨਹੀਂ ਹੁੰਦਾ ਅਤੇ ਜਿਹੜੇ ਲੋਕ ਵਿਦੇਸ਼ਾਂ ਵਿੱਚ ਘੁੰਮਣ-ਫਿਰਨ ਜਾਂਦੇ ਹਨ, ਉਹਨਾਂ ਨੂੰ ਖਾਣ ਪੀਣ ਅਤੇ ਨਵੀਆਂ ਥਾਵਾਂ ਦੇਖਣ ਦਾ ਚਾਅ ਹੁੰਦਾ ਹੈ। ਫਿਰ ਉਹ ਲੋਕ ਕੌਣ ਸਨ ਜੋ ਅਸ਼ੋਕ ਬਾਂਸਲ ਮਾਨਸਾ ਨੂੰ ਸੌ ਸੌ ਮੀਲ ਅੱਗਿਉਂ ਬਾਹਾਂ ਖਿਲਾਰ ਕੇ ਮਿਲ ਕੇ ਲੈਣ ਆਉਂਦੇ ਸਨ ਅਤੇ ਆਪਣੇ ਸ਼ਹਿਰ ਤੋਂ ਸੌ ਸੌ ਮੀਲ ਅੱਗੇ ਤੱਕ ਹੋਰ ਸਮਾਂ ਇਕੱਠੇ ਰਹਿਣ ਦੀ ਰੀਝ ਨਾਲ ਤੋਰਨ ਆਉਂਦੇ ਸਨ। ਜਿੱਥੇ ਅਸ਼ੋਕ ਬਾਂਸਲ ਨੇ ਆਪਣੇ ਅਮਰੀਕਾ ਮਿਲਣ ਵਾਲਿਆਂ ਲਈ ਸਮਾਂ ਕੱਢਿਆ, ਉਥੇ ਹੀ ਦੂਰ ਪਿੰਡਾਂ, ਸ਼ਹਿਰਾਂ, ਦੇਸ਼ ਵਿਦੇਸ਼ਾਂ ਵਿੱਚ ਬੈਠੇ ਆਪਣੇ ਸੱਜਣਾਂ-ਮਿੱਤਰਾਂ ਲਈ ਪੋਸਟਾਂ ਲਿਖਣ, ਵੀਡੀਓ ਪਾਉਣ ਅਤੇ ਲਾਈਵ ਹੋਣ ਦਾ ਸਿਲਸਿਲਾ ਜਾਰੀ ਰੱਖਿਆ ਜਿਸ ਨਾਲ ਉਹਨਾਂ ਦੀ ਪਲ ਪਲ ਦੀ ਮੀਟਿੰਗਾਂ, ਮੁਲਾਕਾਤਾਂ, ਮਹਿਫਲਾਂ, ਸਮਾਗਮਾਂ ਦੀ ਰੌਣਕਮਈ ਜਾਣਕਾਰੀ ਸਾਰੇ ਚਾਹੁਣ ਵਾਲਿਆਂ ਤੱਕ ਪਹੁੰਚਦੀ ਰਹੀ। ਇਸ ਟੂਰ ਵਿਚ ਉਨ੍ਹਾਂ ਦਾ ਨਿੱਜੀ ਕੁਝ ਵੀ ਨਹੀਂ ਸੀ, ਸਭ ਕੁਝ ਜਿਹੜੇ ਲੋਕ ਉਸਨੂੰ ਅਤੇ ਉਸ ਦੀਆਂ ਲਿਖਤਾਂ ਨੂੰ ਪਿਆਰ ਕਰਦੇ ਹਨ, ਉਹਨਾਂ ਲਈ ਜਨਤਕ ਸੀ। ਹਰ ਨਵੀਂ ਸਵੇਰ, ਨਵੀਂ ਸ਼ਾਮ ਨੂੰ ਉਸ ਦੀਆਂ ਲਿਖਤਾਂ ਜਾਂ ਤਸਵੀਰਾਂ ਰਾਹੀਂ ਸਭ ਮਿੱਤਰਾਂ ਨੂੰ ਪਤਾ ਲੱਗ ਜਾਂਦਾ ਸੀ ਕਿ

" ਔਹ ਜਾਂਦੈ ਅਸ਼ੋਕ ਬਾਂਸਲ ਮਾਨਸਾ ਆਲਾ" ਅਤੇ ਉਸ ਨੂੰ ਉਡੀਕਣ ਵਾਲੇ ਮਿੱਤਰਾਂ ਦੇ ਬੂਹੇ ਵੀ ਖੁੱਲ੍ਹੇ ਹੀ ਮਿਲਦੇ ਸਨ। ਪੰਜਾਬੀਆਂ ਦੇ ਸੁਭਾਅ ਅਨੁਸਾਰ ਉਹ ਜੇ ਤੁਰਿਆ ਜਾਂਦਾ ਵੀ ਬਿਨਾਂ ਦੱਸੇ ਕਿਸੇ ਸੱਜਣ ਦੇ ਘਰ ਦਸਤਕ ਦੇਣ ਲਈ ਅਹੁਲਦਾ ਹੈ ਤਾਂ ਉਹ ਵੀ ਕੁਦਰਤੀ ਖਿੱਚ ਕਾਰਨ ਬੂਹੇ ਵਿਚ ਉਡੀਕਦੇ ਹੀ ਮਿਲੇ। ਆਪਣੀ ਕਿਸੇ ਵੀ ਲਿਖਤ ਜਾਂ ਲਾਈਵ ਵਿੱਚ ਉਨ੍ਹਾਂ ਇਹ ਨਹੀਂ ਕਿਹਾ ਕਿ ਮੈਨੂੰ ਲੈਣ ਆਉਣ ਵਾਲੇ ਸੱਜਣ ਨੂੰ ਮੈਨੂੰ ਉਡੀਕਨਾ ਪਿਆ ਜਾਂ ਮੈਨੂੰ ਘਰ ਨਹੀਂ ਮਿਲਿਆ। ਅਸ਼ੋਕ ਬਾਂਸਲ ਕਿਤੇ ਲੇਟ ਹੋ ਗਿਆ ਹੋਵੇਗਾ ਪਰ ਉਸ ਨੂੰ ਪਿਆਰ ਕਰਨ ਵਾਲੇ ਕਿਤੇ ਲੇਟ ਨਹੀਂ ਹੋਏ।ਹਰ ਮਹਿਫਲ, ਮੁਲਾਕਾਤ ਵਿੱਚ ਹਰ ਚਿਹਰੇ ਤੇ ਦਿਲੀ ਖ਼ੁਸ਼ੀ ਦੀ ਝਲਕ ਸਾਫ਼-ਸਪੱਸ਼ਟ ਵੇਖੀ ਜਾ ਸਕਦੀ ਸੀ।

ਵਿਸ਼ਵ ਪ੍ਰਸਿੱਧ ਲੇਖਕ ਰਸੂਲ ਹਮਜ਼ਾਤੋਵ ਆਪਣੀ ਕਿਤਾਬ 'ਮੇਰਾ ਦਾਗਿਸਤਾਨ 'ਵਿੱਚ ਆਪਣੇ ਲੋਕਾਂ ਦੀ ਪਰਾਹੁਣਚਾਰੀ ਬਾਰੇ ਲਿਖਦਾ ਹੈ,

**"ਰਾਹੀਆ, ਜੇ ਤੂੰ ਸਾਡੇ ਕੋਲੋਂ ਲੰਘ ਜਾਵੇ ਮੂੰਹ ਫੇਰ,**
**ਘੋਰ ਤੂਫ਼ਾਨ ਤੇ ਬਿਜਲੀਆਂ ਤੈਨੂੰ ਰਾਹ ਵਿੱਚ ਲੈਸਨ ਘੇਰ !**
**"ਜੇ ਤੈਨੂੰ ਨਾ ਖ਼ੁਸ਼ੀ ਮਿਲੇ ਮੇਰੇ ਘਰ ਆਏ ਮਹਿਮਾਨ,**
**ਮੈਨੂੰ ਢਾਹ ਢੇਰੀ ਕਰਨ ਫਿਰ ਬਿਜਲੀਆਂ ਤੇ ਤੂਫ਼ਾਨ !**

ਦਰਵਾਜ਼ੇ ਤੇ ਉਕਰੇ ਸ਼ਬਦ ਇਸ ਕਿਤਾਬ ਵਿੱਚ ਇੱਕ ਜਗ੍ਹਾ ਇਹ ਵੀ ਲਿਖਿਆ ਹੈ ਕਿ ਸਾਡੇ ਮਹਿਮਾਨ ਕਿਸੇ ਵੀ ਵੇਲੇ ਆ ਜਾਣ, ਸਾਨੂੰ ਹੈਰਾਨੀ ਨਹੀਂ ਹੁੰਦੀ ਕਿਉਂਕਿ ਅਸੀਂ ਹਰ ਵਕਤ ਮਹਿਮਾਨਾਂ ਨੂੰ ਉਡੀਕਦੇ ਰਹਿੰਦੇ ਹਾਂ।

ਸ਼ਾਇਦ ਇਹੋ ਜਿਹੀਆਂ ਲਿਖਤਾਂ ਦੇ ਪਾਤਰ ਬਣੇ ਅਸ਼ੋਕ ਬਾਂਸਲ ਅਤੇ ਉਸ ਦਾ ਸਵਾਗਤ ਕਰਨ ਵਾਲੇ ਗੀਤ ਸੰਗੀਤ ਨੂੰ ਪਿਆਰ ਕਰਨ ਵਾਲੇ ਅਮਰੀਕੀ ਮਿੱਤਰਾਂ ਦੋਹਾਂ ਧਿਰਾਂ ਵਿਚੋਂ ਕਿਸੇ ਨੇ ਵੀ ਇਹ ਉਲਾਂਭਾ ਨਹੀਂ ਲਿਆ।

ਸਮਾਂ ਤੁਰਦਾ ਰਹਿੰਦਾ ਹੈ ਅਤੇ ਮਿਥਿਆ ਸਮਾਂ ਆ ਹੀ ਜਾਂਦਾ ਹੈ। ਲਾਸ ਏਂਜਲਸ ਤੋਂ ਫਰਿਜ਼ਨੋ, ਕਨੈਕਟੀਕਟ, ਸੈਨਫਰਾਂਸਿਸਕੋ, ਔਰੀਗਨ, ਵਾਸ਼ਿੰਗਟਨ ਬੀ ਸੀ, ਨਿਊਯਾਰਕ,ਓਹਾਇਓ, ਟੈਕਸਸ ਅਤੇ ਆਖਰੀ ਪੜਾਅ ਸਿਆਟਲ ਹੁੰਦਾ ਹੋਇਆ ਅਨੇਕਾਂ ਸਾਹਿਤਕ ਸੰਗੀਤਕ ਸ਼ਖ਼ਸੀਅਤਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਮਿਲਦਾ ਹੋਇਆ ਅਸ਼ੋਕ ਬਾਂਸਲ ਮਾਨਸਾ ਆਪਣੇ ਵਤਨ ਨੂੰ ਉਡਾਰੀ ਭਰ ਰਿਹਾ ਹੈ। ਆਪਣੀਆਂ ਲਿਖਤਾਂ, ਤਸਵੀਰਾਂ ਤੇ ਵੀਡੀਓਜ਼ ਰਾਹੀਂ ਉਹ ਆਪਣੇ ਚਾਹੁਣ ਵਾਲਿਆਂ ਦੇ ਸਦਾ ਅੰਗ ਸੰਗ ਰਿਹਾ ਹੈ। ਅੱਧੀ ਅੱਧੀ ਰਾਤੀਂ ਜਾਗ ਕੇ ਵੀ ਉਹ ਆਪਣੇ ਮਿੱਤਰਾਂ ਨੂੰ ਫੋਨ ਕਰਦਾ ਸੀ ਜਾਂ ਸੁਖ-ਸੁਨੇਹੇ ਭੇਜਦਾ ਸੀ। ਸ਼ਾਇਦ ਕਿਸੇ ਨੂੰ ਵੀ ਗਿਲਾ ਸ਼ਿਕਵਾ ਕਰਨ ਜਾਂ ਉਲਾਂਭਾ ਦੇਣ ਦਾ ਮੌਕਾ ਨਹੀਂ ਦਿੱਤਾ ਹੋਵੇਗਾ। ਪ੍ਰਸਿੱਧ ਲੋਕ ਗਾਇਕ ਅਤੇ ਮੇਰੇ ਮਿੱਤਰ ਨਿਰਮਲਜੀਤ ਨਿੰਮਾ ਮਾਹਣੀ ਖੇੜਾ ਦੇ ਘਰ ਵੀ ਦੋ ਤਿੰਨ ਦਿਨ ਸੰਗੀਤਕ ਮਹਿਫ਼ਿਲ ਲੱਗਦੀ ਰਹੀ ਹੈ। ਉਹਨਾਂ ਦੀ ਮਹਿਮਾਨ ਨਵਾਜ਼ੀ ਵਾਲੇ ਅਨੇਕਾਂ ਸਾਹਿਤਕ ਮਿੱਤਰ ਮਨਜੀਤ ਚਹਿਲ, ਧਰਮਵੀਰ ਥਾਂਦੀ,, ਜਸਵੀਰ ਗੁਣਾਚੌਰੀਆ, ਕੁਲਵੰਤ ਧਾਲੀਆਂ, ਨੀਟਾ ਮਾਛੀਕੇ, ਪੱਪੀ ਭਦੌੜ, ਬਲਵੀਰ ਲਹਿਰਾ,ਗੁਰਦੀਪ ਦੰਦੀਵਾਲ, ਬਲਵੀਰ ਸੂਫੀ , ਕਰਨੈਲ ਕੈਲ ਅਤੇ ਮੰਗਤ ਕੁਲਜਿੰਦ ਜਿਹੇ ਸਮਾਗਮਾਂ ਦੀਆਂ ਵੀਡੀਓ ਵੇਖ ਵੇਖ ਕੇ ਹੀ ਸਾਨੂੰ ਆਪਣੇ ਆਪਣੇ ਲੱਗਣ ਲੱਗ ਪਏ ਹਨ।

ਜਿਥੇ ਅਸ਼ੋਕ ਬਾਂਸਲ ਮਾਨਸਾ ਜੀ ਨੇ ਆਪਣੀ ਕਿਤਾਬ " ਮਿੱਟੀ ਨੂੰ ਫਰੋਲ ਜੋਗੀਆ" ਰਾਹੀਂ ਭੁੱਲੇ ਵਿਸਰੇ ਲੇਖਕਾਂ, ਗੀਤਕਾਰਾਂ ਨੂੰ ਸੋਹਣੀਆਂ ਲਿਖਤਾਂ ਰਾਹੀਂ ਯਾਦ ਕਰਨ ਦਾ ਉਪਰਾਲਾ ਕੀਤਾ ਹੈ, ਉਥੇ ਹੀ ਅਮਰੀਕਾ ਵਾਲੇ ਸੁਹਿਰਦ ਮਿੱਤਰਾਂ ਨੇ ਇਸ ਸਾਹਿਤਕ ਮਿੱਟੀ ਨੂੰ ਹੋਰ ਫਰੋਲਿਆ ਹੈ ਅਤੇ ਸਾਡੇ ਚੇਤਿਆਂ ਵਿੱਚੋਂ ਮੁਰਝਾ ਚੁੱਕੇ ਫੁੱਲ ਸਾਡੀਆਂ ਯਾਦਾਂ ਵਿਚ ਮੁੜ ਮਹਿਕਣ ਅਤੇ ਟਹਿਕਣ ਲੱਗ ਪਏ ਹਨ।ਇਸ ਨਾਲ ਭੁੱਲੇ-ਵਿੱਸਰੇ ਲੇਖਕਾਂ ਦੀਆਂ ਰੂਹਾਂ ਨੂੰ ਵੀ ਸਕੂਨ ਮਿਲਿਆ ਹੋਵੇਗਾ।

ਮੇਲੇ ਵਰਗੇ ਮਾਹੌਲ ਵਿਚੋਂ ਸੱਜਣਾਂ ਨਾਲੋਂ ਵਿਛੜਨ ਦੀ ਉਦਾਸੀ ਅਤੇ ਵਤਨ ਪਰਤਣ ਦੀ ਖ਼ੁਸ਼ੀ ਦਿਲ ਵਿਚ ਲੈ ਕੇ ਅਸ਼ੋਕ ਬਾਂਸਲ ਹੁਣ ਪਰਤ ਆਇਆ ਹੈ ਜਿਥੇ ਉਸ ਨੂੰ ਆਪਣੇ ਪਿਆਰੇ ਸ਼ਹਿਰ ਮਾਨਸਾ ਦੀ ਮਿੱਟੀ, ਲੋਕ, ਸੱਜਣ ਮਿੱਤਰ,ਕਲਾ ਪਰੇਮੀ, ਗਲੀਆਂ, ਰਾਹਵਾਂ, ਥਾਂਵਾਂ, ਹਵਾਵਾਂ,ਰੈਣ ਬਸੇਰਾ ਅਤੇ ਸਾਹਿਤਕ ਆਲ੍ਹਣਾ " ਆਹ ਆ ਗਿਆ ਸਾਡਾ ਅਸ਼ੋਕ ਬਾਂਸਲ" ਕਹਿੰਦੇ ਹੋਏ ਖ਼ੁਸ਼ ਆਮਦੀਦ ਕਹਿ ਰਹੇ ਹਨ।

ਸ਼ਾਲਾ! ਪਰਵਰਦਿਗਾਰ ਸਾਡੇ ਇਸ ਗੀਤ ਸੰਗੀਤ ਨੂੰ ਅੰਤਾਂ ਦਾ ਪਿਆਰ ਮੁਹੱਬਤ ਕਰਨ ਵਾਲੇ ਸੱਜਣ ਦੀ ਉਮਰ ਦਰਾਜ਼ ਕਰੇ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਲਈ ਇਹਨਾ ਦੀਆਂ ਕੋਸ਼ਿਸ਼ਾਂ ਇਸ ਤਰ੍ਹਾਂ ਹੀ ਜਾਰੀ ਰਹਿਣ,ਦਿਲੀ ਦੁਆਵਾਂ ਹਨ।











*ਨਿਰਮਲ ਸਿੰਘ ਦਿਉਲ*

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਇੱਕ ਰੋਟੀ ਕਿਸੇ ਰਾਹੀ ਪਾਂਧੀ ਦੇ ਨਾਂ

ਉਹ ਇੱਕ ਰੋਟੀ.... ਬੀਬੀ ਅਕਸਰ ਅਖੀਰਲੀ ਰੋਟੀ ਨੂੰ ਤਵੇ ਤੋਂ ਲਾਹ ਕੇ ਤਵੇ ਨੂੰ ਚੁੱਲ੍ਹੇ ਦੇ ਵੱਟੇ ਨਾਲ ਖੜ੍ਹਾ ਕਰਦੀ ਤਾਂ ਅਕਸਰ ਉਹ ਇਸ ਅਖੀਰਲੀ ਰੋਟੀ ਨੂੰ ਪੋਣੇ ਵਿਚ ਵਲ੍ਹੇਟ ਕੇ ਤੂਤ ਦੀਆਂ ਛਟੀਆਂ ਦੇ ਬਣੇ ਛਾਬੇ ਵਿਚ ਰੱਖ ਦਿੰਦੀ। ਇਹ ਉਸ ਦਾ ਹਰ ਰੋਜ ਰਾਤ ਦਾ ਦਾ ਨੇਮ ਸੀ ਜੋ ਉਸ ਨੇ ਚੁੱਲ੍ਹੇ ਦੇ ਛੁੱਟ ਜਾਣ ਤੱਕ ਨਿਭਾਇਆ, ਭਾਵੇਂ ਕਿ ਚੱਕੀ ਦੇ ਛੁੱਟ ਜਾਣ ਵਾਲਾ ਜੁੱਗ ਬੜੇ ਚਿਰ ਦਾ ਵਿਦਾ ਹੋ ਚੁੱਕਾ ਸੀ। ਇਸ ਰੋਟੀ ਦਾ ਭੇਤ ਮੈਂ ਬੜੇ ਵਾਰ ਜਾਨਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਹਰ ਵਾਰ ਇਹੀ ਉੱਤਰ ਦਿੱਤਾ, ÷ਵੇ, ਕੋਈ ਰਾਹੀ-ਪਾਂਧੀ ਆ ਜਾਂਦੈ... ਪਤਾ ਨਹੀਂ ਕੀਹਦੇ ਕੀਹਦੇ ਭਾਗਾਂ ਦਾ ਦਾਣਾ-ਪਾਣੀ ਖਾਨੇ ਆਂ!



ਪਰ ਮੇਰੀ ਇਸ ਜਵਾਬ ਨਾਲ ਕਦੇ ਵੀ ਤਸੱਲੀ ਨਾ ਹੋਈ। ਕਈ ਸਵਾਲ ਸਤਮਾਹੇਂ ਜੰਮੇ ਕਿਸੇ ਮਾਂ-ਮਛੋਹਰ ਜਿਹੇ ਨਿਆਣੇ ਵਰਗੇ ਹੁੰਦੇ ਹਨ ਜਿਨ੍ਹਾਂ ਨੂੰ ਕਦੇ ਵੀ ਢੁਕਵਾਂ ਜਵਾਬ ਨਸੀਬ ਨਹੀਂ ਹੁੰਦਾ। ਇਹ ਉੱਤਰ-ਵਿਹੂਣੇ ਸਵਾਲ ਵਰ੍ਹਿਆਂ ਬੱਧੀ ਦਿਲੋ ਦਿਮਾਗ ਦੇ ਖੂੰਜਿਆਂ ਵਿੱਚ ਪਏ ਰਹਿੰਦੇ ਹਨ।

ਗੱਲ 35-40 ਸਾਲ ਪੁਰਾਣੀ ਅਣਭੋਲ ਉਮਰ ਦੇ ਦਿਨਾਂ ਦੀ ਹੈ।ਸਾਡੇ ਚੌਂਤਰੇ ਵਿੱਚ ਪਈ ਭਾਂਡਿਆਂ ਵਾਲੀ ਟੋਕਰੀ ਵਿੱਚ ਦੋ ਥਾਲ਼ ਹੁੰਦੇ ਸਨ ਇੱਕ ਥਾਲ਼ ਮੇਰੇ ਦਾਦੇ ਲਈ, ਜਿਸ ਦੀ ਰੋਟੀ ਮੈਂ ਸਭ ਤੋਂ ਪਹਿਲੀਆਂ ਰੋਟੀਆਂ ਧਰਾ ਕੇ ਹਮੇਸ਼ਾ ਫੜਾਉਂਦਾ ਰਿਹਾ ਹਾਂ, ਅਖੀਰ ਤੱਕ...! ਦੂਜਾ ਥਾਲ਼ ਬਾਪੂ ਦਾ ਸੀ। ਘਰ ਵਿਚ ਹੋਰ ਕਿਸੇ ਦਾ ਵੀ ਥਾਲ਼ ਵਿੱਚ ਰੋਟੀ ਧਰ ਕੇ ਖਾਣ ਦਾ ਰਿਵਾਜ ਨਹੀਂ ਸੀ। ਰਾਤ ਨੂੰ ਸਾਰਾ ਟੱਬਰ ਚੌਂਤਰੇ (ਚੌਂਕੇ) ਵਿਚ ਬਹਿ ਕੇ ਰੋਟੀ ਖਾਂਦਾ। ਅਸੀਂ ਟੋਕਰੀ ਵਿੱਚੋਂ ਕੋਈ ਕੌਲੀ ਜਾਂ ਬਾਟੀ ਲੈ ਕੇ ਦਾਲ਼-ਸਬਜੀ ਪਵਾਉਣੀ ਅਤੇ ਕੋਲ਼ ਬਹਿ ਕੇ ਹੱਥ ਉੱਤੇ ਧਰ ਕੇ ਰੋਟੀ ਖਾਈ ਜਾਂਦੇ। ਸਾਰਿਆਂ ਦੇ ਰੋਟੀ ਖਾ ਲੈਣ ਤੋਂ ਬਾਅਦ ਮਾਂ ਦੀ ਵਾਰੀ ਆਉਂਦੀ। ਉਸ ਨੇ ਰੋਟੀ ਖਾਣ ਤੋਂ ਬਾਅਦ ਇੱਕ ਰੋਟੀ(ਰਾਹੀ - ਪਾਂਧੀ ਦੇ ਨਾਂ ) ਬਚਾ ਕੇ ਪੋਣੇ ਵਿੱਚ ਲਪੇਟ, ਛਾਬੇ ਵਿਚ ਰੱਖ ਉੱਤੇ ਪਰਾਤ ਮੂਧੀ ਮਾਰ ਦੇਣੀ। ਇਹ ਸਿਲਸਿਲਾ ਮਾਂ ਦੇ ਚੁੱਲ੍ਹੇ ਨਾਲ ਸੰਬੰਧ ਜਾਂ ਪਰਾਤ ਅਗਲੇ ਵਾਰਸਾਂ ਨੂੰ ਫੜਾ ਦੇਣ ਤੱਕ ਚਲਦਾ ਰਿਹਾ।..... ਤੇ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਕਿ ਮਾਂ ਦੇ ਰੋਟੀ ਖਾਣ ਤੱਕ ਛਾਬੇ ਵਿਚ ਇੱਕ ਹੀ ਰੋਟੀ ਬਚਦੀ ਤਾਂ ਉਸ ਨੇ ਕਦੇ ਦੁਬਾਰਾ ਆਟਾ ਨਾ ਗੁੰਨ੍ਹਣਾ ਅਤੇ @ਭੁੱਖ ਮਰਨ@ ਦਾ ਪੱਜ ਲਾ ਉਹ ਇੱਕ ਰੋਟੀ ਵੀ @ਕਿਸੇ ਰਾਹੀ ਪਾਂਧੀ ਦੇ ਨਾਂ@ ਵਲੇਟ ਕੇ ਰੱਖ ਦੇਣੀ। ਇਹ ਵੀ ਇੱਕ ਸੱਚ ਹੈ ਕਿ ਮੇਰੀ ਸੰਭਾਲ ਵਿਚ ਕਦੇ ਕੋਈ ਰਾਹੀ ਪਾਂਧੀ ਨਹੀਂ ਆਇਆ ਅਤੇ ਨਾ ਹੀ ਆ ਕੇ ਕਦੇ ਰੋਟੀ ਦੀ ਮੰਗ ਕੀਤੀ। ਫਿਰ ਗਿਣ ਕੇ ਰੋਟੀਆਂ ਪਕਾਉਣ ਦਾ ਦੌਰ ਆਇਆ ਤਾਂ ਇਹ ਰੀਤ ਪਤਾ ਨਹੀਂ ਕਦੋਂ ਘਰ ਤੋਂ ਬਾਹਰ ਹੋ ਗਈ.......

ਜਸਵਿੰਦਰ ਸਿੰਘ ਜਸ

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629



**ਸਰ ਝੁਕਾਓਗੇ ਤੋ ਪੱਥਰ ਭੀ ਦੇਵਤਾ ਹੋ ਜਾਏਗਾ।**
**ਇਤਨਾ ਮਤ ਚਾਹੋ ਵੋਹ ਬੇ-ਵਫ਼ਾ ਹੋ ਜਾਏਗਾ।**

ਮੇਰੇ ਲਈ ਦੁਨੀਆਂ ਦੀ ਸਭ ਤੋਂ ਪਵਿੱਤਰ ਥਾਂ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਦੇ ਭੋਰੇ ਵਿਚਲੀ ਦੀਵਾਰ ਹੈ ਜਿਸ ਦੀ ਥੋੜ੍ਹੀ ਬਹੁਤ ਇਤਿਹਾਸਕ ਦਿੱਖ ਕਾਇਮ ਹੈ। ਉਥੇ ਜਦ ਵੀ ਮੈਂ ਸਿਰ ਨਿਵਾਇਆ ਹੈ, ਮੈਨੂੰ ਲੱਗਿਆ ਮੇਰਾ ਮੱਥਾ ਨਿੱਕੇ-ਨਿੱਕੇ ਮਲੂਕ ਪੈਰਾਂ ਤੇ ਟਿਕਿਆ ਹੈ ਜਿੰਨ੍ਹਾਂ ਨੇ ਨਿੱਕੀ ਉਮਰੇ ਵੱਡੇ ਪੰਧ ਨਿਬੇੜ ਕੇ ਇਤਿਹਾਸ ਦੀ ਹਿੱਕ ਤੇ ਪੈੜ ਕੀਤੀ ਹੈ।ਆਪਣੇ ਇਸ ਵਿਸ਼ਵਾਸ਼ ਨੂੰ ਵਿਰਾਸਤ ਤੱਕ ਸੌਂਪਣ ਖਾਤਰ ਇੱਕ ਵਾਰੀ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਐਮ. ਏ. ਜਮਾਤ ਦੇ ਵਿਦਿਆਰਥੀਆਂ ਨੂੰ ਮੱਥਾ ਟਿਕਾਉਣ ਲੈ ਗਈ। ਇੱਕ ਹਿੰਦੂ ਮੁੰਡਾ ਪੂਰੀ ਸਾਖੀ ਸੁਣ ਕੇ ਜਦ ਮੱਥਾ ਟੇਕਣ ਲੱਗਿਆ, ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਕਾਫ਼ੀ ਅਰਸਾ ਪਿੱਛੋਂ ਮਿਲਦੇ ਉਸ ਮੁੰਡੇ ਨੇ ਦੱਸਿਆ ਕਿ ਮੈਂ ਜਦ ਵੀ ਕੋਈ ਸੁੱਖ ਸੁੱਖਣੀ ਹੁੰਦੀ ਹੈ , ਉਥੇ ਹੀ ਮੱਥਾ ਟੇਕਣ ਜਾਂਦਾ ਹਾਂ। ਮੇਰੇ ਅੰਦਰ ਪਲਦਾ ਵਿਸ਼ਵਾਸ ਕਿਸੇ ਹੋਰ ਸੀਨੇ ਪਲ੍ਹਰਦਾ ਵੇਖ ਧਰਵਾਸ ਜਿਹਾ ਹੋਇਆ। ਅਸਲ ਵਿੱਚ ਕਿਸੇ ਦਿਲਕਸ਼ ਸੂਰਤ, ਕਿਸੇ ਪਵਿੱਤਰ ਥਾਂ, ਕਿਸੇ ਦਾ ਉੱਤਮ ਵਿਹਾਰ ਜਾਂ ਇਖ਼ਲਾਕੀ ਕਿਰਦਾਰ ਸਾਨੂੰ ਆਪਣੇ ਵੱਲ ਧੂਹ ਪਾਉਂਦਾ ਹੈ। ਸ਼ਾਇਦ ਇਸੇ ਨੂੰ ਵਿਸ਼ਵਾਸ ਕਿਹਾ ਜਾਂਦਾ ਹੈ। ਵਿਸ਼ਵਾਸ ਪਲਣ ਵਿੱਚ ਤਾਂ ਇੱਕ ਸਕਿੰਟ ਹੀ ਲਗਦਾ ਹੈ, ਸਮਝਣ ਵਿੱਚ ਮਿੰਟ ਲਗਦਾ ਹੋਣੈ ਪਰ ਨਿਭਾ ਦੇਣ ਲਈ ਪੂਰੀ ਉਮਰ ਲੱਗਦੀ ਹੈ। ਉਸੇ ਵਿਸ਼ਵਾਸ ਆਸਰੇ ਹੀ ਅਸੀਂ ਸਭ ਅੱਗੇ ਵਧਦੇ ਹਾਂ। ਕਿਹਾ ਜਾਂਦਾ ਹੈ ਇਸੇ ਹੱਥੋਂ ਧੰਨੇ ਭਗਤ ਨੇ ਪੱਥਰ ਵਿੱਚੋਂ ਰੱਬ ਤਲਾਸ਼ ਲਿਆ ਸੀ। ਜਿੰਨਾ ਮਨ ਭੋਲ਼ਾ, ਨਿਰਛਲ, ਸਾਦ-ਮੁਰਾਦਾ ਹੁੰਦਾ ਹੈ, ਉਤਨਾ ਹੀ ਵਿਸ਼ਵਾਸ ਡੂੰਘਾ, ਗੂੜ੍ਹਾ ਅਤੇ ਸੰਘਣਾ ਹੁੰਦਾ ਹੈ। ਕੋਈ ਤਰਕ ਜਾਂ ਲਾਲਚ ਵਿਸ਼ਵਾਸ ਨੂੰ ਖੋਰਾ ਨਹੀਂ ਲਾ ਸਕਦਾ। ਸਤਿਯੁਗੀ ਲੋਕ ਵਿਸ਼ਵਾਸ ਪਾਲ਼ਦੇ ਅਤੇ ਨਿਭਾ ਜਾਂਦੇ ਸੁਣੇ ਹਨ ਪਰ ਅਜੋਕੇ ਦੌਰ ਵਿੱਚ ਕਈ ਕਪਟੀ ਲੋਕ ਇਸ ਦਾ ਨਾਜਾਇਜ਼ ਫ਼ਾਇਦਾ ਲੈਂਦੇ ਦੇਖੇ ਹਨ। ਸੰਤ ਮਸਕੀਨ ਜੀ ਤੋਂ ਕਿਸੇ ਨੇ ਪੁੱਛਿਆ- - ਅੱਜ ਕੌਣ ਲੁੱਟਿਆ ਜਾਏਗਾ ? ਉਨ੍ਹਾਂ ਕਿਹਾ ਜੋ ਵੀ ਵਿਸ਼ਵਾਸ ਕਰੇਗਾ। ਵਿਸ਼ਵਾਸ ਵਿਹੂਣੇ ਮਨੁੱਖ ਸੱਖਣੇ, ਖੰਡਿਤ ਬਿਰਤੀ ਵਾਲੇ, ਸ਼ੱਕੀ ਅਤੇ ਸੰਤਾਪੀ ਰੂਹ ਵਾਲੇ ਹੁੰਦੇ ਹਨ। ਸਾਡੀਆਂ ਬਹੁਤੀਆਂ ਦੁਸ਼ਵਾਰੀਆਂ ਅਤੇ ਅਲਾਮਤਾਂ ਵਿਸ਼ਵਾਸ ਤੋਂ ਵਿਰਵੇ ਲੋਕਾਂ ਕਰ ਕੇ ਹੀ ਪਨਪ ਰਹੀਆਂ ਹਨ। ਵਿਸ਼ਵਾਸ ਪਹਿਲਾਂ ਆਪਣੇ ਆਪ ਤੇ ਕਰਕੇ ਹੀ ਮਹਾਨ ਪੁਰਸ਼ ਕੁੱਝ ਕਰ ਗੁਜ਼ਰਨ ਦੇ ਸਮਰੱਥ ਰਹੇ ਹਨ। ਇਸੇ ਕਰਕੇ ਉਹ ਮਨ-ਇੱਛਤ ਸੰਸਾਰ ਤੱਕ ਜਾ ਅੱਪੜੇ ਸਨ।ਵਿਸ਼ਵਾਸ ਅਜਿਹੀ ਚੀਜ਼ ਹੈ ਟੁੱਟਣ ਤੇ ਖੜਕਾ ਨਹੀਂ ਹੁੰਦਾ, ਪਰ ਉਸ ਦੀ ਗੂੰਜ ਉਮਰ ਭਰ ਰਹਿੰਦੀ ਹੈ। ਮੈਂ ਸੁਣਿਆ ਹੈ ਇੱਕ ਵਾਰੀ ਇਟਲੀ ਦੇ ਕਿਸੇ ਪਿੰਡ ਮੀਂਹ ਨਹੀਂ ਪੈਂਦਾ ਸੀ। ਸਾਰੇ ਪਿੰਡ ਨੇ ਮੀਂਹ ਲਈ ਯੱਗ ਕੀਤਾ। ਇੱਕ ਚਾਰ ਸਾਲ ਦੀ ਬੱਚੀ ਛਤਰੀ ਲੈ ਕੇ ਆਈ ਕਿ ਯੱਗ ਪਿੱਛੋਂ ਮੀਂਹ ਪੈਣਾ ਹੈ। ਸੱਚੀਓਂ ਮੀਂਹ ਪਿਆ। ਇਉਂ ਹੀ ਇੱਕ ਮਾਤਾ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਵਿਸ਼ਵਾਸ ਪਾਲ਼ਿਆ ਕਿ ਉਸ ਨਾਲ ਲੋਹਾ ਲੱਗਣ ਤੇ ਸੋਨਾ ਬਣ ਜਾਂਦਾ ਹੈ। ਉਸ ਨੇ ਬਾਜ਼ਾਰ ਵਿਚਦੀ ਲੰਘਦੇ ਮਹਾਰਾਜੇ ਨਾਲ ਲੋਹੇ ਦਾ ਤਵਾ ਘਸਾਉਣ ਦੀ ਕੋਸ਼ਿਸ਼ ਕੀਤੀ। ਸਿਪਾਹੀਆਂ ਨੇ ਫੜ ਕੇ ਮਹਾਰਾਜੇ ਮੂਹਰੇ ਪੇਸ਼ ਕੀਤੀ। ਮਹਾਰਾਜੇ ਨੂੰ ਆਪਣੇ ਵਿਸ਼ਵਾਸ ਬਾਰੇ ਦੱਸਿਆ। ਰਾਜੇ ਨੇ ਸੋਨੇ ਦਾ ਤਵਾ ਉਸ ਮਾਤਾ ਨੂੰ ਦਿੱਤਾ ਕਿ ਵਿਸ਼ਵਾਸ ਬਣਿਆ ਰਹੇ। ਵਿਸ਼ਵਾਸ ਦੇ ਤਿੜਕਣ ਕਰ ਕੇ ਹੀ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋ ਰਿਹਾ ਹੈ। ਕਿਹਾ ਜਾਂਦਾ ਹੈ ਜਦ ਇਨਸਾਨ ਦਾ ਵਿਸ਼ਵਾਸ ਇਨਸਾਨ ਤੋਂ ਘਟਿਆ ਤਾਂ ਦਰਵਾਜ਼ੇ ਬਣੇ, ਜਦੋਂ ਹੋਰ ਘਟਿਆ ਤਾਂ ਤਾਲੇ ਲੱਗੇ ਅਤੇ ਜਦੋਂ ਇਹ ਵਿਸ਼ਵਾਸ ਮਰ ਗਿਆ ਤਾਂ ਹੁਣ ਸੀ.ਸੀ.ਟੀ.ਵੀ.ਕੈਮਰੇ ਆ ਲੱਗੇ ਹਨ। ਵਿਸ਼ਵਾਸ ਤਿੜਕਣ ਕਰ ਕੇ ਹੀ ਰਿਸ਼ਤਿਆਂ ਦੀਆਂ ਚੂਲ਼ਾਂ ਹਿੱਲੀਆਂ ਹਨ। ਵਿਸ਼ਵਾਸੀ ਆਦਮੀ ਸੁਖੀ ਨੀਂਦ ਸੌਂਦਾ, ਸਬਰ-ਸੰਤੋਖੀ ਜਿਗਰੇ ਵਾਲਾ ਹੁੰਦਾ ਹੈ। ਵਿਸ਼ਵਾਸ ਕਰਨ ਵਾਲੇ ਦਾ ਜਿਗਰਾ ਮੋਕਲ਼ਾ ਹੋ ਜਾਂਦਾ ਹੈ। ਉਸ ਦਾ ਚੰਗੀਆਂ ਸੋਚਾਂ ਤੇ ਭਰੋਸਾ ਬਝਦਾ ਹੈ, ਛੋਟੀਆਂ ਗੱਲਾਂ ਨੂੰ - ਚੱਲ ਹੋਊ - ਕਰਦਾ ਹੋਇਆ ਯਕੀਨ ਪਾਲ਼ਦਾ ਹੈ। ਪਰ ਕਈ ਲੋਕ ਇਸ ਵਿਸ਼ਵਾਸ ਦੀ ਦੁਕਾਨਦਾਰੀ ਕਰ ਤੁਰੇ ਹਨ। ਦਿਖਾਵੇ ਦੀ ਇਸ ਪਿਰਤ ਨੇ ਧਾਰਮਿਕ ਪਿੜ ਵਿੱਚ ਪੂਰਾ ਬੋਲ-ਬਾਲਾ ਖੱਟਿਆ ਹੈ। ਇਹੀ ਵਿਸ਼ਵਾਸ ਅੰਧ ਤੱਕ ਜਾ ਅਪੜਦਾ ਵਹਿਮਾਂ-ਭਰਮਾਂ ਨੂੰ ਜਨਮਦਾ ਹੈ। ਸ਼ਾਤਿਰ ਲੋਕ ਇਸ ਦੀਆਂ ਧੱਜੀਆਂ ਉਡਾਉਂਦੇ ਦੁਕਾਨਦਾਰੀ ਪਾਲ਼ਦੇ ਹਨ। ਵਿਸ਼ਵਾਸਘਾਤੀ ਮਨੁੱਖ ਸੰਤਾਪੀ ਜੂਨ ਹੰਢਾ ਰਹੇ ਦੇਖੇ ਹਨ। ਅੱਜ ਜਦ ਸੱਜੇ ਹੱਥ ਨੂੰ ਖੱਬੇ ਹੱਥ ਤੇ ਵੀ ਭਰੋਸਾ ਨਹੀਂ ਰਿਹਾ ਤਾਂ ਮਨੁੱਖ ਭਟਕਣ ਦੇ ਰਾਹ ਜਾ ਪਿਆ ਹੈ। ਕਿਹਾ ਜਾਂਦਾ ਹੈ ਕਿ ਗ਼ਲਤ ਫ਼ਹਿਮੀ ਨਾਲ ਵਿਸ਼ਵਾਸ ਨਹੀਂ ਟੁੱਟਦਾ ਸਗੋਂ ਵਿਸ਼ਵਾਸ ਟੁੱਟਣ ਨਾਲ ਗ਼ਲਤ ਫ਼ਹਿਮੀਆਂ ਹੁੰਦੀਆਂ ਹਨ। ਵਿਸ਼ਵਾਸੀ ਮਨੁੱਖ ਨੂੰ ਧਰਵਾਸ ਹੁੰਦਾ ਹੈ ਕਿ ਜੱਗ ਵਿੱਚ ਕੋਈ ਥਾਂ ਹੈ ਜਿੱਥੇ ਠਾਹਰ ਮਿਲ ਸਕੇ।

**ਗੋਲਕ ਅੱਗੇ ਜਦ ਵੀ ਸੀਸ ਝੁਕਾਇਆ ਸੀ**
**ਅੱਖਰ-ਅੱਖਰ ਮੇਰੇ ਤੇ ਸ਼ਰਮਾਇਆ ਸੀ**
**ਉਸ ਦੇ ਸਿਧਾਂਤ ਨੂੰ ਮੈਂ ਨਾ ਕਦੇ ਅਪਣਾਇਆ ਸੀ**
**ਉਸ ਦੇ ਨਿਸ਼ਾਨ ਨੂੰ ਚਮੜੀ ਤੇ ਖੁਦਵਾਇਆ ਸੀ।**

(ਦੇਵਿੰਦਰ ਪੂਨੀਆ)

# ਕੈਨੇਡਾ ਭਰ ਵਿੱਚ ਚਲਾਏ ਅਪਰੇਸ਼ਨ ਕੋਬਰਾ ਉਪਰੰਤ ਪੁਲੀਸ ਨੇ 55 ਮਿਲੀਅਨ ਡਾਲਰ ਦੀਆਂ ਡਰੱਗਜ਼ ਅਤੇ ਹਥਿਆਰ ਬਰਾਮਦ ਕੀਤੇ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੇ ਇੱਕ ਕਾਰੋਬਾਰੀ ਅਤੇ 15 ਹੋਰ ਲੋਕਾਂ ਨੂੰ £55 ਮਿਲੀਅਨ ਦੀ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਬਾਅਦ ਚਾਰਜ ਕੀਤਾ ਗਿਆ ਹੈ। ਇਹਨਾਂ 15 ਲੋਕਾਂ ਨੂੰ ਹੁਣ 80 ਤੋਂ ਵੱਧ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਲਬਰਟਾ ਲਾਅ ਇਨਫੋਰਸਮੈਂਟ ਰਿਸਪਾਂਸ ਟੀਮਾਂ ਅਨੁਸਾਰ ਜਾਂਚ 2020 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਵਿੱਚ ਕੈਲਗਰੀ ਪੁਲਿਸ, ਯੂਐਸ ਹੋਮਲੈਂਡ ਸਕਿਓਰਿਟੀ ਅਤੇ ਨਿਆਗਰਾ, ਓਨਟਾਰੀਓ, ਸਸਕੈਚਵਨ ਅਤੇ ਬੀ ਸੀ ਦੇ ਅਧਿਕਾਰੀ ਸ਼ਾਮਲ ਸਨ। ਚਾਰਜ ਕੀਤੇ ਗਏ ਲੋਕਾਂ ਵਿੱਚ ਕੈਲਗੇਰੀਅਨ ਤਲਾਲ ਫੁਆਨੀ, 46 ਹੈ।ਅਗਸਤ ਵਿੱਚ, ਫੁਆਨੀ ਅਤੇ ਉਸਦੀ ਪਤਨੀ ਨੂੰ ਉਸਦੇ ਦੱਖਣ-ਪੱਛਮੀ ਕੈਲਗਰੀ ਦੇ ਘਰ ਦੇ ਬਾਹਰ ਉਸਦੇ ਬੈਂਟਲੇ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਫੁਆਨੀ ਬਚ ਗਿਆ ਸੀ, ਪਰ ਉਸਦੀ 31 ਸਾਲਾ ਪਤਨੀ, ਨਕੀਤਾ ਬੈਰਨ ਦੀ ਮੌਤ ਹੋ ਗਈ ਸੀ।ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥ ਸਬੰਧੀ "ਅੰਕੜੇ ਹੈਰਾਨ ਕਰਨ ਵਾਲੇ ਹਨ । £55 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥਾਂ ਵਿੱਚ ਲਗਭਗ ਇੱਕ ਮੀਟ੍ਰਿਕ ਟਨ ਮੈਥਾਮਫੇਟਾਮਾਈਨ ਬਰਾਮਦ ਹੋਈ ਹੈ ਜੋ ਅਲਬਰਟਾ ਦੇ ਵਿੱਚ ਵੰਡੀ ਜਾਣੀ ਸੀ "ਮੈਥਾਮਫੇਟਾਮਾਈਨ ਦੇ ਇੱਡੇ ਵੱਡੇ ਪਹਾੜ ਪਹਾੜ ਨੇ ਸਾਡੇ ਭਾਈਚਾਰਿਆਂ ਨੂੰ ਜੋ ਨੁਕਸਾਨ ਪਹੁੰਚਾਉਣਾ ਸੀ ਉਹ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ।" 928 ਕਿਲੋਗ੍ਰਾਮ ਮੈਥਾਮਫੇਟਾਮਾਈਨ ਅਤੇ ਛੇ ਕਿਲੋਗ੍ਰਾਮ ਕੋਕੀਨ ਅਤੇ ਲਗਭਗ £7 ਮਿਲੀਅਨ ਦੀ ਜਾਇਦਾਦ ਨੂੰ ਜ਼ਬਤ ਕੀਤਾ ਗਿਆ ਹੈ ਜਾਂ ਅਪਰਾਧਿਕ ਰੋਕ ਦੇ ਅਧੀਨ ਰੱਖਿਆ ਗਿਆ ਹੈ।ਨਿਆਗਰਾ-ਆਨ-ਦੀ-ਲੇਕ ਵਿੱਚ £3 ਪੋਆਇੰਟ 5 ਮਿਲੀਅਨ ਦਾ ਘਰ, ਦੋ ਲੈਂਬੋਰਗਿਨੀਆਂ, ਇੱਕ ਪੋਰਸ਼ ਅਤੇ ਕਲਾਸਿਕ ਕਾਰਾਂ ਅਪਰਾਧਿਕ ਰੋਕ ਦੇ ਅਧੀਨ ਹਨ। ਪੁਲਿਸ ਅਨਸਾਰ ਇਹ ਸਾਰੇ ਸੰਗਠਿਤ ਅਪਰਾਧ ਦੇ ਮੁਨਾਫੇ ਦੀ ਖਰੀਦਦਾਰੀ ਵਿੱਚੋਂ ਹੋ ਸਕਦੀਆਂ ਹਨ।19 ਹਥਿਆਰ ਵੀ ਜ਼ਬਤ ਕੀਤੇ ਗਏ ਸਨ, ਜਿਸ ਵਿੱਚ ਹੈਂਡਗਨ, ਰਾਈਫਲਾਂ, ਸਬ ਮਸ਼ੀਨ ਗਨ ਸ਼ਾਮਲ ਸਨ।

ਪ੍ਰੋਜੈਕਟ ਕੋਬਰਾ ਦੇ ਸਬੰਧ ਵਿੱਚ ਲੇਡਿਊਕ ਕਾਉਂਟੀ ਦੇ 39 ਸਾਲਾ ਵਿਲੀਅਮ ਵ੍ਹਾਈਟਫੋਰਡ 'ਤੇ 20 ਅਪਰਾਧ,ਕੈਲਗਰੀ ਦੇ ਰਹਿਣ ਵਾਲੇ 38 ਸਾਲਾ ਇਲੀਆਸ ਅਦੇ 'ਤੇ 12, 32 ਸਾਲਾ ਜੈਰੇਟ ਮੈਕੇਂਜੀ 'ਤੇ 6 ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ।ਅਧਿਕਾਰੀਆਂ ਅਨਸਾਰ ਇਹ ਅਲਬਰਟਾ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡੀ ਡਰੱਗ ਬਰਾਮਦੀ ਦੀ ਕਹਾਣੀ ਹੈ।

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

### ਲੜਕੇ/ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ ,ਜਨਮ 1990 ਅਤੇ ਇੰਡੀਆ ਰਹਿੰਦੇ ਲੜਕੇ ਜਨਮ 1992 ਲਈ ਰਿਸ਼ਤਿਆਂ ਦੀ ਲੋੜ ਹੈ। ਪਰਿਵਾਰ ਰਾਧਾ ਸਵਾਮੀ ਹੈ , ਸੋ ਰਾਧਾਸਵਾਮੀ ਪਰਿਵਾਰ ਹੀ ਸੰਪਰਕ ਕਰਨ।
ਕਾਲ: 1 204 698 8659***206***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 28 ਸਾਲ,ਕੱਦ 6 ਫੁੱਟ 3 ਇੰਚ ,ਨਾਨ ਸਮੋਕਰ, ਨਾਨ ਡਰਿੰਕਰ,ਚੰਗੀ ਜੌਬ ਕਰਦੇ ਬੈਚੂਲਰ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***206***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020***220***

### ਲੜਕੇ ਦੀ ਲੋੜ

ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

### ਲੜਕੇ ਦੀ ਲੋੜ

**ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਆਰ ਐਨ ਦੀ ਚੰਗੀ ਜੌਬ ਕਰਦੀ ਲੜਕੀ ,ਜਨਮ 1991, ਕੱਦ 5 ਫੁੱਟ 2 ਇੰਚ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਨ ਦੀ ਯੋਗਤਾ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕਾ ਵੈਜੀਟੇਰੀਅਨ ਅਤੇ ਨਾਨ ਡਰਿੰਕਰ ਹੋਣਾ ਚਾਹੀਦਾ ਹੈ। ਸੰਪਰਕ: 403 618 5457** ***205**

### ਲੜਕੀ ਦੀ ਲੋੜ

ਕਨੇਡਾ ਦੇ ਵਿਜਟਰ ਵੀਜੇ ਉੱਪਰ ਆਏ ਪੜੇ ਲਿਖੇ ਸਿੱਖ ਪਰਿਵਾਰ ਦੇ ਲੜਕੇ ,ਜਨਮ 1985,ਕੱਦ 5 ਫੁੱਟ 9 ਇੰਚ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਲੜਕਾ ਇੰਡੀਆ ਵਿਚ ਅਮਰੀਕਨ ਕੰਪਨੀ ਵਿਚ ਅਕਾਊਟੈਂਟ ਵੱਜੋਂ ਜੌਬ ਕਰ ਰਿਹਾ ਹੈ।ਲੜਕੇ ਦੀ ਭੈਣ ਕਨੇਡਾ ਵੈਲ ਸੈਟਲਡ ਹੈ। ਸੰਪਰਕ; 403 991 1717 , 403 671 1159 ***209***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜਨਮ 1990,ਕੱਦ 5 ਫੁੱਟ 11 ਇੰਚ, ਇੰਮੀਗ੍ਰੇਸਨ ਦਾ ਆਪਣਾ ਕਾਰੋਬਾਰ ਕਰਦੇ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਚੰਗੀ ਪੜ੍ਹੀ ਲਿਖੀ ਖਾਨਦਾਨੀ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 561 2195 ਜਾਂ ਵਟਸਐਪ 9888622317 ***205***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਬਿਜਨਿਸ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 246 4261 ***209***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 23 ਸਾਲ, ਕੱਦ 6 ਫੁੱਟ , ਵਿਦਿਅਕ ਯੋਗਤਾ ਪਲੱਸ ਟੂ ਪਰ ਹਾਲੇ ਅਗਲੇਰੀ ਪੜ੍ਹਾਈ ਜਾਰੀ ਹੈ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਜਲਦੀ ਹੀ ਪੰਜਾਬ ਵਿਆਹ ਕਰਵਾਉਣ ਆ ਰਿਹਾ ਹੈ। ਪਰਿਵਾਰ ਇੱਕੋ ਸਮੇਂ ਦੋਵੇਂ ਵਿਆਹ ਕਰਨਾ ਚਾਹੁੰਦਾ ਹੈ। ਸੰਪਰਕ: 1 778 246 4261 ***209***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਦੇਸਾ ਪਰਿਵਾਰ ਦੀ ਲੜਕੀ, ਉਮਰ 29 ਸਾਲ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ (ਇੰਡੀਆ) ਲਈ ਹਾਣ ਪਰਵਾਣ ਦੇ ਕਨੇਡੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 (780) 236-0082 ***209***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 25 ਸਾਲ, ਕੱਦ 5 ਫੁੱਟ, ਵਿਦਿਅਕ ਯੋਗਤਾ BSc, B ed, ਲਈ ਕੈਨੇਡਾ ਤੋਂ ਹੀ ਵੈਸ਼ਨੋ ਪਰਿਵਾਰ ਦੇ ਚੰਗੀ ਜੌਬ ਕਰਦੇ। ਚੰਗੇ ਪੜ੍ਹੇ ਲਿਖੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਟੀਚਰ ਦੀ ਜੌਬ ਕਰ ਰਹੀ ਹੈ। ਵਿਨੀਪੈਗ ਵਾਸੀ ਲੜਕੇ ਨੂੰ ਪਹਿਲ। ਸੰਪਰਕ:1 431 999 1448 ***209***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੂਸ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: 12 ਗਰੇਡ ਲਈ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 780 242 3430 ***209***

### ਲੜਕੇ ਦੀ ਲੋੜ

ਜੱਟ ਸਿੱਖ ਬਾਠ ਪਰਿਵਾਰ ਦੀ ਕਨੇਡਾ ਸਟੂਡੈਂਟ ਵੀਜੇ ਉੱਪਰ ਰਹਿ ਰਹੀ ਲੜਕੀ ਉਮਰ 23 ਸਾਲ, ਕੱਦ 5 ਫੁੱਟ 1 ਇੰਚ ,ਵਿਦਿਅਕ ਯੋਗਤਾ ਬਾਰਵੀਂ ਪਾਸ (ਮੈਡੀਕਲ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਲੈਕਚਰਾਰ ਹਨ। ਲੜਕੀ ਪੇਂਡੂ ਅਤੇ ਸਹਿਰੀ ਜਾਇਦਾਦ ਦੀ ਮਾਲਕ ਹੈ। ਸੰਪਰਕ: 204 295 0178 ***205***

### ਲੜਕੇ ਦੀ ਲੋੜ

ਪੰਜਾਬ ਰਹਿੰਦੀ ਜੱਟ ਸਿੱਖ ਪਰਿਵਾਰ ਦੀ ਲੜਕੀ,ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਬੀ ਏ,ਐਮ ਏ, ਬੀਐੱਡ, ਲਈ ਕਨੇਡਾ ਅਮਰੀਕਾ ਜਾਂ ਨਿਊਜੀਲੈਂਡ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:001- 587 832 5256***205***

### ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਸ਼ਰਮਾ(ਸਾਰਸਵਤ ਬ੍ਰਾਹਮਣ) ਕਨੇਡਾ ਆਈ ਸੋਹਣੀ ਸੁਨੱਖੀ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੈਜੂੇਸ਼ਨ, ਫਲਾਈਟ ਅਟੈਂਡਡਿਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਜਾਤਪਾਤ ਜਾਂ ਉਮਰ ਦਾ ਕੋਈ ਬੰਧਨ ਨਹੀ। ਬਿਨਾਂ ਬੱਚੇ ਤੋਂ ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 429 7464 ਜਾਂ 587 889 0251 ***205***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 34 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਪੱਗ ਬੰਨਣ ਵਾਲੇ ਲੜਕੇ ਨੂੰ ਪਹਿਲ, ਵਿਆਹ ਜਲਦੀ, ਲੜਕੇ ਦਾ ਕੱਦ 6 ਫੁੱਟ ਦੇ ਨਜਦੀਕ ਹੋਵੇ। ਸਿਰਫ ਕਨੇਡਾ ਵਿੱਚੋਂ ਹੀ ਵਰਕ ਪਰਮਿਟ ਜਾਂ ਵਿਜਟਿਰ ਆਏ ਲੜਕੇ ਹੀ ਸੰਪਰਕ ਕਰਨ। ਲੜਕੀ ਕੋਲ ਆਪਣਾ ਘਰ ਹੈ। ਕਾਲ: 1 604 507 3137 ਜਾਂ 91 98 778 13000 ***208***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਮੋਰੀਆ ਹਿੰਦੂ ਪਰਿਵਾਰ ਦੀ ਸੋਹਣੀ ਸੁਨੱਖੀ ,ਉਮਰ 26 ਸਾਲ, ਕੱਦ 5 ਫੁੱਟ 2 ਇੰਚ, ਹੈਲਥ ਕੇਅਰ ਏਡ ਦੀ ਯੋਗਤਾ ਵਾਲੀ ਲੜਕੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ:1-431 541 4449 ***208***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ,ਵੈੱਲ ਸੈਟਲਡ,ਵੈਸ਼ਨੂੰ ਲੜਕੇ ਉਮਰ 38 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਬੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 8700 ***208***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਕੰਬੋਜ਼ ਸਿੱਖ ਪਰਿਵਾਰ ਦੇ ਲੜਕੇ, ਉਮਰ 29 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਟੈਕ ਲਈ ਹਾਣ ਪ੍ਰਵਾਣ ਦੀ ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵਿਨੀਪੈਗ ਵਿੱਚ ਆਪਣਾ ਘਰ, ਆਪਣਾ ਬਿਜਨਿਸ ਅਤੇ ਇੰਡੀਆ ਵਿੱਚ ਅਰਬਨ ਅਤੇ ਰੂਰਲ ਪ੍ਰਾਪਰਟੀ ਦਾ ਮਾਲਕ ਹੈ। ਕਾਲ: 1 431 337 7171 ***208***

### ਲੜਕੀ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਏ ਰਾਮਗੜੀਆ ਉੱਭੀ ਪਰਵਾਰ ਦੇ ਸੋਹਣੇ ਸੁਨੱਖੇ,ਕਲੀਨਸ਼ੇਵ ਲੜਕੇ ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 907 5965 ਜਾਂ ਇੰਡੀਆ ਮਾਪਿਆਂ ਦਾ ਫੋਨ: 98 881 42945 ***208***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ,ਪੱਕੀ ਜੌਬ ਕਰਦੇ ਅਤੇ ਬਿਜਨਿਸ ਹੋਲਡਰ ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ਵੈਲ ਸੈਟਲਡ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 403 862 0002,403 926 0080 ***208***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਸਿੱਧੂ ਪਰਿਵਾਰ ਦੇ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ, ਸਟੱਡੀ ਡਿਪਲੋਮਾਂ ਮਕੈਨੀਕਲ ਇੰਜੀਨੀਅਰ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 780 600 3600 ***203***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਬੈਂਕ ਵਿੱਚ ਜੌਬ ਕਰਦੀ ਲੜਕੀ, ਜਨਮ 1992,ਕੱਦ 5 ਫੁੱਟ 5 ਇੰਚ, ਮਾਸਟਰ ਡਿਗਰੀ ਹੋਲਡਰ ਲਈ ਬਰਾਬਰ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਸਿਰਫ ਵਟਸਐਪ ਕਾਲ 917814432511 ***207***

### ਲੜਕੇ ਦੀ ਲੋੜ

ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ। ਕਾਲ: 587 583 7939 ***206***

### ਲੜਕੀ ਦੀ ਲੋੜ

ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈੱਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 639 883 0000 ***205***

### ਲੜਕੇ ਦੀ ਲੋੜ

ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੁਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ। । ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

## ਰੂਸ ਨੇ ਯੂਕਰੇਨ ਦੇ ਚਾਰ ਸ਼ਹਿਰਾਂ ਨੂੰ ਆਪਣੇ ਵਿੱਚ ਮਿਲਾਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇਸ ਸਾਲ ਫਰਵਰੀ ਮਹੀਨੇ ਵਿੱਚ ਰੂਸ ਵੱਲੋਂ ਯੂਕਰੇਨ ਖ਼ਿਲਾਫ਼ ਸ਼ੁਰੂ ਕੀਤੇ ਗਏ ਯੁੱਧ ਤੋਂ ਬਾਅਦ ਭਾਵੇਂ ਸਾਰਾ ਯੂਰਪ ਤੇ ਹੋਰ ਪੱਛਮੀ ਦੇਸ਼ ਰੂਸ ਦੇ ਖਿਲਾਫ ਪਾਬੰਦੀਆਂ ਲਗਾ ਕੇ ਉਸ ਨੂੰ ਰੁਕਣਾ ਚਾਹੁੰਦੇ ਸਨ ਪਰ ਇਸ ਦੇ ਬਾਵਜੂਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਇਹ ਆਖਿਆ ਜਾਂਦਾ ਰਿਹਾ ਕਿ ਜੋ ਨਿਸ਼ਾਨੇ ਉਨ੍ਹਾਂ ਨੇ ਮਿੱਥੇ ਹਨ ਜਾਂ ਜੋ ਟੀਚੇ ਨਿਰਧਾਰਿਤ ਕੀਤੇ ਹਨ। ਉਨ੍ਹਾਂ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਇਹ ਜੰਗ ਬੰਦ ਨਹੀਂ ਹੋਵੇਗੀ। ਯੂਕਰੇਨ ਦੇ ਚਾਰ ਸ਼ਹਿਰਾਂ ਨੂੰ ਰਾਸ਼ਟਰਪਤੀ ਪੁਤਿਨ ਵੱਲੋਂ ਰੂਸ ਵਿੱਚ ਮਿਲਾਉਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਨਾਲ ਹੀ ਆਖਿਆ ਗਿਆ ਕਿ ਉਹ ਇਨ੍ਹਾਂ ਸ਼ਹਿਰਾਂ ਤੋਂ ਕਬਜ਼ਾ ਨਹੀਂ ਛੱਡਣਗੇ।

**ਰੂਸ ਵੱਲੋਂ ਯੂਕਰੇਨ ਦੇ ਚਾਰ ਸ਼ਹਿਰਾਂ ਉੱਪਰ ਕਬਜ਼ੇ ਕਾਰਨ ਕੈਨੇਡਾ ਨੇ ਨਵੀਆਂ ਪਾਬੰਦੀਆਂ ਦਾ ਕੀਤਾ ਐਲਾਨ**

ਉਧਰ ਰੂਸ ਵੱਲੋਂ ਯੂਕਰੇਨ ਦੇ ਚਾਰ ਸ਼ਹਿਰਾਂ ਉਪਰ ਕਬਜ਼ਾ ਕੀਤੇ ਜਾਣ ਤੋਂ ਬਾਅਦ ਕੈਨੇਡਾ ਵੱਲੋਂ ਰੂਸ ਦੇ ਤਰਤਾਈ ਵਿਅਕਤੀਆਂ ਉੱਪਰ ਪਾਬੰਦੀਆਂ ਲਗਾਈਆਂ ਗਈਆਂ ਹਨ। ਇਹ ਅਜਿਹੇ ਵਿਅਕਤੀ ਹਨ ਜੋ ਕਾਫੀ ਧਨਾਢ ਹਨ ਅਤੇ ਜਿਨ੍ਹਾਂ ਦਾ ਸਿਆਸੀ ਅਸਰ ਰਸੂਖ ਵੀ ਕਾਫ਼ੀ ਜ਼ਿਆਦਾ ਹੈ ਇਸ ਤੋਂ ਇਲਾਵਾ ਜਿਨ੍ਹਾਂ ਚਾਰ ਸ਼ਹਿਰਾਂ ਉਪਰ ਰੂਸ ਵੱਲੋਂ ਕਬਜ਼ਾ ਕੀਤਾ ਗਿਆ ਹੈ ਉਥੇ ਰੂਸ ਦੇ ਸਮਰਥਨ ਵਾਲੇ ਪੈਂਤੀ ਸੀਨੀਅਰ ਅਧਿਕਾਰੀਆਂ ਉੱਪਰ ਵੀ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ। ਇਹ ਐਲਾਨ ਵਾਸ਼ਿੰਗਟਨ ਵਿਖੇ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੌਲੀ ਵੱਲੋਂ ਕੀਤਾ ਗਿਆ ਇਸ ਮੌਕੇ ਤੇ ਉਨ੍ਹਾਂ ਦੇ ਨਾਲ ਮੌਜੂਦ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੀ ਆਖਿਆ ਕਿ ਯੂਕਰੇਨ ਦੇ ਚਾਰ ਸ਼ਹਿਰਾਂ ਉਪਰ ਰੂਸ ਵੱਲੋਂ ਕੀਤੇ ਗਏ ਕਬਜ਼ੇ ਨੂੰ ਕਬੂਲ ਨਹੀਂ ਕੀਤਾ ਜਾ ਸਕਦਾ ਅਤੇ ਇਹ ਖੇਤਰ ਹਮੇਸ਼ਾਂ ਯੂਕ੍ਰੇਨ ਦੇ ਰਹਿਣਗੇ ਅਤੇ ਯੂਕਰੇਨ ਦਾ ਹੀ ਇਨ੍ਹਾਂ ਉੱਪਰ ਹੱਕ ਰਹੇਗਾ।

## ਮਹਿੰਗਾਈ ਨੇ ਕਨੇਡਾ ਵਾਸੀਆਂ ਦਾ ਲੱਕ ਤੋੜ ਛੱਡਿਆ ਹੈ।

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਨੇਡਾ ਵਿੱਚ ਤੇਜ਼ੀ ਨਾਲ ਵਧੀ ਹੋਈ ਮਹਿੰਗਾਈ ਨੇ ਆਮ ਵਿਅਕਤੀ ਦੀ ਆਰਥਿਕ ਤੌਰ ਤੇ ਕਮਰ ਤੋੜਕੇ ਰੱਖ ਦਿੱਤੀ ਹੈ ਅਤੇ ਲੋਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਇਸ ਔਖੀ ਘੜੀ ਚੋਂ ਉਹ ਕਦੋਂ ਬਾਹਰ ਨਿਕਲਣਗੇ। ਮਹਿੰਗਾਈ ਕਾਰਨ ਜ਼ਰੂਰੀ ਖਰਚਿਆਂ ਵਿੱਚ ਵੀ ਕਟੌਤੀ ਕਰਨੀ ਪੈ ਰਹੀ ਹੈ ਜਿੱਥੇ ਕੈਨੇਡਾ ਭਰ ਵਿਚ ਗ੍ਰੌਸਰੀ ਦੀਆਂ ਕੀਮਤਾਂ ਨੇ ਤਾਂ ਬੁਰਾ ਹਾਲ ਕੀਤਾ ਹੀ ਹੋਇਆ ਹੈ। ਉਥੇ ਨਾਲ ਹੀ ਕੈਨੇਡਾ ਦੇ ਕਈ ਸ਼ਹਿਰਾਂ ਵਿਚ ਗੈਸ ਦੀਆਂ ਕੀਮਤਾਂ ਨੇ ਵੀ ਬੁਰਾ ਹਾਲ ਕੀਤਾ ਹੋਇਆ ਹੈ ਮੈਟਰੋ ਵੈਨਕੂਵਰ ਵਿਚ ਤਾਂ ਗੈਸ ਦੀਆਂ ਕੀਮਤਾਂ ਰਿਕਾਰਡ ਪੱਧਰ ਤੇ ਪਹੁੰਚ ਗਈਆਂ ਹਨ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**




### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***

### Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**

### Hiring

**Hair and face art salon islooking for hair-dresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

**ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ**
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com AERO

## A duty chart must be for the legislatures

On one hand it has been provided in our Constitution that all those are elected and appointed are Public Servants and are paid salaries, allowanc3es and even pension from the State Exchequer. The people who are appointed are having duty charts and those who do not perform those duties, often, are ousted from service. But as far as the legislatures are concerned, till there is no duty charts for them. There had been no qualifications prescribed. They just sit in the House, mark presence, and vote as per direction. Till date no work has been taken from them. Even they do not visit their constituencies and try to find out problems of the people. The people of India who are masters of this country never objected and none has asked that some duties must be prescribed for the legislatures. This missing chapter must be prepared and given place in our Constitution so that none should get pay, allowances and pension without performing those duties. Each such member must attend his office in the constituency, listen the problems of the people, preparing projects, schemes to be put before the legislative house and if need be, may take help of experts for working out at such projects.

**Dalip Singh Wasan, Advocate**
**101-C Vikas Colony, Patiala, Punjab, India-147001**
**Email dalipsingh wassan@yahoo. co.in**

## Name Change

I, **KULWINDER SINGH** son/of **PRITAM SINGH**, holder of Indian passport No**. K2424978**, issued at JALANDHAR, on 27/02/2013, permanent resident of VPO : BAGHOURAN,SBS NAGAR, PIN: 144516,PUNJAB,INDIA and presently residing at814 LABINE CRES, SASKATOON (SK) S7L6N2CANADA. Do hereby change My name from **KULWINDER SINGH** to **KULWINDER SINGH CHUMBER** with immediate effect.
Date: 26/09/2022Phone:1 639 533 2777

## ਰਾਜਨੀਤਕ ਪਾਰਟੀਆਂ ਨੇ ਹੁਣ ਮਹਿੰਗਾਈ ਦੇ ਮੁੱਦੇ ਨੂੰ ਆਪਣਾ ਮੁੱਦਾ ਬਣਾਇਆ

ਵੈਨਕੋਵਰ(ਪੰਜਾਬੀ ਅਖਬਾਰ ਬਿਊਰੋ) ਵੈਨਕੂਵਰ ਵਿੱਚ ਗੈਸ ਦੀਆਂ ਕੀਮਤਾਂ ਰਿਕਾਰਡ ਪੱਧਰ ਤੇ ਪਹੁੰਚਣ ਦਾ ਮੁੱਦਾ ਹਾਊਸ ਆਫ਼ ਕਾਮਨਜ਼ ਦੇ ਪ੍ਰਸ਼ਨ ਕਾਲ ਦੌਰਾਨ ਵੀ ਉੱਠਿਆ ਜਦੋਂ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੌਲੀਪਰ ਨੇ ਇਸ ਮੁੱਦੇ ਤੇ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ। ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਲਗਾਏ ਗਏ ਕਾਰਬਨ ਟੈਕਸ ਦਾ ਫਾਇਦਾ ਤਾਂ ਕੀ ਹੁਣ ਲੋਕਾਂ ਨੂੰ ਨੁਕਸਾਨ ਹੋ ਰਿਹਾ ਹੈ ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਵਾਤਾਵਰਨ ਤਬਦੀਲੀ ਦੇ ਨਾਮ ਉੱਪਰ ਲਗਾਏ ਗਏ ਇਸ ਟੈਕਸ ਨਾਲ ਅਜੇ ਤਕ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਿਆ ਜਿਸ ਦੇ ਜਵਾਬ ਵਿੱਚ ਉਪ ਪ੍ਰਧਾਨਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਕੋਲ ਲੋਕਾਂ ਨੂੰ ਰਾਹਤ ਦੇਣ ਲਈ ਕੋਈ ਯੋਜਨਾ ਨਹੀਂ ਹੈ ਜਦੋਂ ਕਿ ਸਾਡੇ ਕੋਲ ਵੱਖ ਵੱਖ ਮੁੱਦਿਆਂ ਤੇ ਲੋਕਾਂ ਨੂੰ ਰਾਹਤ ਦੇਣ ਵਾਲੀਆਂ ਯੋਜਨਾਵਾਂ ਮੌਜੂਦ ਹਨ।

## Crestmont View New Phase Launch exclusive community of Crestmont View in Southwest Calgary.

**Calgary** (PAB) Qualico Communities Calgary is excited to announce the relaunch of the exclusive community of Crestmont View in Southwest Calgary.

The newest phase features 27 unique lots and is situated on quiet streets and cul-de-sacs with customizable estate and semi estate homes from Augusta Fine Homes and Homes by Us.

There will be three unique lot types to choose from; traditional front garage estate homes, walk out backyards, and homes with drive under garages. Both builders will build a luxury dream home with customizable floor plans to suit every buyer needs and wants. To illustrate what is possible, there will be two show homes opening in fall 2023.

"Crestmont View is in one of Calgary's most exceptional locations," says Nina Wulder, marketing, and communications coordinator with Qualico Communities Calgary." These new lots are so unique, and buyers will have the opportunity to customize their homes."

In addition to the 27 new lots, there are three remaining lots in the Valley View Collection from Augusta Fine Homes and Calbridge Homes. New to this area is also the opportunity for buyers to bring their own builder to one of 8 exclusive one acre lots, the last of their kind within the city limits.

"Crestmont View is close enough to the inner city and the mountains, in this location residents can get to downtown Calgary in 20 minutes, or Banff National Park in under an hour," says Wulder.

Crestmont originally broke ground in 2000 and is well established. Amenities within the community already include walking paths, several community parks, a splash park, three playgrounds and lots of elevation changes. Residents is this exclusive area will also have access to the Crestmont Homeowners Association (CHOA). This means the community will have a higher standard of maintenance to ensure it sustains its value and desirability. The CHOA will focus on creating community events but will also maintain landscaping, pathways, and some snow clearing that the City of Calgary will not maintain.Buyers can learn more at **www.crestmontview.ca**

# ਚੜ੍ਹ ਜਾ ਬੱਚਾ ਸੂਲ਼ੀ ਰਾਮ ਭਲੀ ਕਰੂਗਾ - ਰੂਸ ਯੂਕਰੇਨ ਯੁੱਧ



ਜਗਦੇਵ ਸਿੱਧੂ
403 351 1136




ਇਕੱਲਾ ਬੱਚਾ, ਯੂਕਰੇਨ ਜਾਂ ਵੋਲੋਦੀਮੀਰ ਯੇਲੈਂਸਕੀ ਹੀ ਨਹੀਂ, ਸਗੋਂ ਸਗੋਂ ਦੁਨੀਆਂ ਭਰ ਦੇ ਆਮ ਤੇ ਖਾਸ ਕਰ ਕੇ ਕਿਰਤੀ ਗ਼ਰੀਬ ਲੋਕ ਸੂਲ਼ੀ ਚਾੜ੍ਹ ਰੱਖੇ ਹਨ। ਰੂਸ-ਯੂਕਰੇਨ ਦੀ ਜੰਗ ਦੇ ਨਾਂ ਤੇ ਨਾ ਸਿਰਫ਼ ਪੈਟਰੋਲੀਅਮ ਪਦਾਰਥ, ਸਗੋਂ ਹਰੇਕ ਚੀਜ਼ ਮਹਿੰਗੀ ਹੋਈ ਪਈ ਹੈ। ਪਹਿਲਾਂ ਡੇਢ ਦੋ ਸਾਲ ਕੋਰੋਨਾ ਮਹਾਂਮਾਰੀ ਨੇ ਬੱਸ ਕਰਾਈ ਪਈ ਸੀ, ਉੱਤੋਂ ਪੈਂਦੀ ਸੱਟੇ ਇਹ ਜੰਗ ਚੰਦਰੀ ਲਹੂ ਪੀਣ ਆ ਗਈ। ਆਮ ਆਦਮੀ ਦੀ ਸਮਝ ਤੋਂ ਬਾਹਰ ਹੈ ਕਿ ਦੋ ਘਿਓ-ਖਿਚੜੀ ਰਹੇ ਮੁਲਕਾਂ ਅੰਦਰ ਏਨੀ ਭਿਆਨਕ ਜੰਗ ਕਿਉਂ ਛਿੜ ਪਈ। ਇਹ ਦੋਵੇਂ ਮੁਲਕ 1991 ਤੱਕ ਸੋਵੀਅਤ ਸੰਘ ਦੇ ਨਾਂ ਹੇਠ ਇੱਕ ਜੁਟ ਰਹੇ ਸਨ। ਪਰ ਗੇਂਦੇ ਮੈਂਬਰ ਦੀ ਸਮਝ ਤੇ ਹੈਰਾਨੀ ਹੁੰਦੀ ਹੈ ਜਦੋਂ ਉਹ ਚਾਰ ਜਮਾਤਾਂ ਪੜ੍ਹਿਆ ਖੇਤੀ ਕਰਨ ਵਾਲਾ ਬੰਦਾ ਉਹ ਗੱਲਾਂ ਕਰ ਜਾਂਦਾ ਹੈ ਜੋ ਦੁਨੀਆਂ ਦੇ ਵੱਡੇ ਵੱਡੇ ਪੱਤਰਕਾਰਾਂ ਅਤੇ ਘੈਂਟ ਸਿਆਸੀ ਮਾਹਿਰਾਂ ਦੇ ਵਿਚਾਰਾਂ ਦਾ ਨਿਚੋੜ ਹੁੰਦੀਆਂ ਹਨ। ਕਹਿੰਦਾ - ਬਾਈ ਜੀ, ਵੱਡੀਆਂ ਤਾਕਤਾਂ ਦੁਨੀਆਂ ਦੇ ਕਿਸੇ ਨਾ ਕਿਸੇ ਪਾਸੇ, ਕਦੇ ਨਾ ਕਦੇ, ਕੋਈ ਨਾ ਕੋਈ ਭੂੰਡਾ ਖੜ੍ਹਾ ਰਖਦੀਆਂ ਹਨ। ਉਸ ਦੀ ਗੱਲ ਤਾਂ ਖਾਨੇ ਪੈਂਦੀ ਹੈ ਪਰ ਵਿਸਥਾਰ ਮੰਗਦੀ ਹੈ।

ਸੰਯੁਕਤ ਰਾਜ ਅਮਰੀਕਾ (ਯੂ.ਐਸ.ਏ.) ਅਤੇ ਉਸ ਦੇ ਸਹਿਯੋਗੀ ਪਿਛਲੱਗ ਮੁਲਕਾਂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ ਫਰੋਲ਼ੇ ਬਿਨਾ ਗੱਲ ਨਹੀਂ ਸਿਰੇ ਲੱਗਣੀ। ਬਰਤਾਨੀਆਂ ਦਾ ਦੋ ਵਾਰ ਪੱਤਰਕਾਰੀ ਦਾ ਸਰਬੋਤਮ ਪੁਰਸਕਾਰ ਜਿੱਤਣ ਵਾਲਾ ਜੌਹਨ ਪਿਲਜਰ, 7 ਸਤੰਬਰ, 2022 ਦੇ ਲੇਖ ਵਿਚ ਇੰਕਸ਼ਾਫ਼ ਕਰਦਾ ਹੈ ਕਿ ਪਿਛਲੇ ਸਮਿਆਂ ਅੰਦਰ ਅਮਰੀਕਾ ਨੇ 50 ਤੋਂ ਵੱਧ, ਖਾਸ ਕਰ ਕੇ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਨੂੰ ਉਲਟਾਉਣ ਦੇ ਜਤਨ ਕੀਤੇ ਹਨ ਜਾਂ ਉਲਟਾਇਆ ਹੈ। ਇਸ ਨੇ 30 ਦੇਸ਼ਾਂ ਦੀਆਂ ਜਮਹੂਰੀ ਚੋਣਾਂ ਵਿਚ ਬੇ-ਲੋੜਾ ਦਖ਼ਲ ਦਿੱਤਾ ਹੈ, 30 ਮੁਲਕਾਂ ਦੇ ਗ਼ਰੀਬ ਅਤੇ ਸੁਰੱਖਿਆ-ਵਿਹੂਣੇ ਲੋਕਾਂ ਤੇ ਬੰਬ ਵਰ੍ਹਾਏ ਹਨ, 50 ਮੁਲਕਾਂ ਦੇ ਸਿਆਸੀ ਆਗੂਆਂ ਨੂੰ ਕਤਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਕੋਈ 20 ਮੁਲਕਾਂ ਅੰਦਰ ਲੋਕਾਂ ਦੁਆਰਾ ਆਪਣੀ ਮੁਕਤੀ ਲਈ ਲੜੇ ਜਾ ਰਹੇ ਘੋਲ਼ਾਂ ਨੂੰ ਦਬਾਉਣ ਵਿਚ ਕਸਰ ਨਹੀਂ ਛੱਡੀ।

ਪ੍ਰਾਪੇਗੰਡਾ ਮਸ਼ੀਨ - ਸਾਹਿਤ ਦੇ ਨੋਬਲ ਇਨਾਮ ਜੇਤੂ, ਨਾਟਕਕਾਰ ਹੈਰਲਡ ਪਿੰਟਰ ਨੇ ਮਰਨ ਤੋਂ ਪਹਿਲਾਂ 2008 ਵਿਚ ਕਿਹਾ ਸੀ ਕਿ ਅਮਰੀਕਾ ਵਾਲੇ ਤੇ ਉਨ੍ਹਾਂ ਦੇ ਜੁੰਡਲੀ ਯਾਰ ਪ੍ਰਾਪੇਗੰਡਾ ਕਰਨ ਵਿਚ ਪੂਰੇ ਮਾਹਿਰ ਤੇ ਕਾਮਯਾਬ ਹਨ, ਉਨ੍ਹਾਂ ਕੋਲ ਧਨ ਹੈ, ਉਨ੍ਹਾਂ ਕੋਲ ਤਕਨਾਲੋਜੀ ਹੈ, ਉਨ੍ਹਾਂ ਕੋਲ ਸਭ ਕਾਸੇ ਵਿੱਚੋਂ ਸਾਫ਼ ਬਚ ਨਿਕਲਣ ਦੇ ਸਾਧਨ ਹਨ। ਨੋਬਲ ਇਨਾਮ ਸਵੀਕਾਰਨ ਦੇ ਭਾਸ਼ਣ ਵਿਚ ਉਸ ਨੇ ਕਿਹਾ ਸੀ ਕਿ ਅਮਰੀਕਾ ਦੇ ਜੁਰਮ ਲਗਾਤਾਰ, ਵਿਉਂਤਬਧ, ਦੁਸ਼ਟਤਾਪੂਰਨ ਅਤੇ ਬੇ-ਰਹਿਮੀ ਵਾਲੇ ਹਨ। ਅਸਲ ਵਿਚ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਜੰਗ ਲਾਉਣ ਤੇ ਲਮਕਾਉਣ ਦੇ ਝੂਠੇ ਬਹਾਨੇ ਘੜ ਕੇ ਇਸ ਨੂੰ ਬੜੀ ਚਲਾਕੀ ਨਾਲ ਜਾਇਜ਼ ਠਹਿਰਾ ਦਿੰਦੇ ਹਨ। ਏਨਾ ਪ੍ਰਚੰਡ ਪ੍ਰਾਪੇਗੰਡਾ ਕਰਦੇ ਹਨ ਜਿਸ ਨੂੰ ਅਸੀਂ ਲੋਕ ਜਿਉਂ ਦਾ ਤਿਉਂ ਮੰਨ ਲੈਂਦੇ ਹਾਂ। ਇਰਾਕ ਵਿਚ ਸਮੂਹਿਕ ਤਬਾਹੀ ਵਾਲੇ ਕੈਮੀਕਲ ਹਥਿਆਰ ਹੋਣ ਦੇ ਬਹਾਨੇ ਜੰਗ ਛੇੜ ਕੇ ਬਰਬਾਦੀ ਕੀਤੀ ਗਈ ਜਦੋਂ ਕਿ ਅਜੇਹੇ ਹਥਿਆਰ ਹੈ ਹੀ ਨਹੀਂ ਸਨ। ਨਾਟੋ ਨੇ ਬੈਂਗ੍ਰਾਜ਼ੀ ਵਿਚ ਅਣਹੋਏ ਕਤਲੇਆਮ ਦੇ ਝੂਠੇ ਬਹਾਨੇ ਹੇਠ 2011 ਵਿਚ ਲਿਬੀਆ ਦੀ ਤਬਾਹੀ ਕਰ ਕੇ ਇਸ ਨੂੰ ਸਹੀ ਠਹਿਰਾਇਆ ਸੀ ਜਦੋਂ ਕਿ ਅਜਿਹਾ ਕੁੱਝ ਨਹੀਂ ਸੀ ਹੋਇਆ। ਅਫ਼ਗ਼ਾਨਿਸਤਾਨ ਵਿਚ 9\11 ਦੀ ਆੜ ਵਿਚ ਲੰਬੀ ਲੜਾਈ ਛੇੜੀ ਰੱਖੀ ਜਦੋਂ ਕਿ ਟਾਵਰ ਢਹਿ ਢੇਰੀ ਕਰਨ ਵਿਚ ਇੱਥੋਂ ਦੇ ਲੋਕਾਂ ਦਾ ਕੋਈ ਵਾਹ-ਵਾਸਤਾ ਨਹੀਂ ਸੀ। ਅੱਜ ਅਮਰੀਕਾ ਅਫ਼ਗ਼ਾਨਿਸਤਾਨ ਦੇ ਬੈਂਕ ਰਿਜ਼ਰਵ ਵਾਲੇ 7 ਅਰਬ ਡਾਲਰ ਦੱਬੀ ਬੈਠਾ ਹੈ ਜਿਹੜੇ ਉਨ੍ਹਾਂ ਬੇਕਸੂਰ ਅਫ਼ਗ਼ਾਨੀਆਂ ਦੀ ਭੁੱਖਮਰੀ ਅਤੇ ਮੁਸੀਬਤਾਂ ਦਾ ਇੱਕ ਕਾਰਨ ਬਣ ਰਹੇ ਹਨ। ਪਿੱਛੇ ਜਿਹੇ ਵਾਸ਼ਿੰਗਟਨ ਦੇ ਨੈਸ਼ਨਲ ਪਬਲਿਕ ਰੇਡੀਓ ਤੇ ਦੋ ਘੰਟੇ ਅਫ਼ਗ਼ਾਨਿਸਤਾਨ ਬਾਰੇ ਪ੍ਰਸਾਰਣ ਹੋਇਆ ਜਿਸ ਵਿਚ ਉੱਥੋਂ ਦੇ ਲੋਕਾਂ ਦੀ ਭੁੱਖਮਰੀ ਬਾਰੇ ਸਿਰਫ਼ 30 ਸਕਿੰਟ ਰੱਖੇ।

ਯੂਕਰੇਨ ਜੰਗ ਦਾ ਪਿਛੋਕੜ -- 24 ਫ਼ਰਵਰੀ, 2022 ਨੂੰ ਰੂਸ ਨੇ ਯੂਕਰੇਨ ਉੱਤੇ ਹਮਲਾ ਬੋਲ ਦਿੱਤਾ ਜੋ ਕਿ ਯੂਕਰੇਨ ਦੁਆਰਾ ਪਿਛਲੇ ਅੱਠ ਸਾਲਾਂ ਤੋਂ ਰੂਸੀ ਬੋਲਦੇ ਡੋਨਬਾਸ ਖੇਤਰ (ਰੂਸ ਦੀ ਹੱਦ ਨਾਲ ਲਗਦਾ) ਦੇ ਲੋਕਾਂ ਉੱਤੇ ਕਤਲੋਗ਼ਾਰਤ ਅਤੇ ਮੁਜਰਮਾਨਾ ਤਬਾਹੀ ਦੇ ਸਿੱਟੇ ਵਜੋਂ ਤੇ ਨਾਟੋ ਦੇ ਸ਼ਰਾਰਤਪੂਰਨ ਪਸਾਰ ਦੇ ਹੱਠੀ ਰਵੱਈਏ ਦੇ ਸਿੱਟੇ ਵਜੋਂ ਕੀਤਾ ਗਿਆ। 2014 ਵਿਚ ਅਮਰੀਕਾ ਨੇ ਕੀਵ ਵਿਖੇ ਤਖਤਾ ਪਲਟਾ ਕੇ ਯੂਕਰੇਨ ਦੇ ਜਮਹੀਰੀ ਤਰੀਕੇ ਨਾਲ ਚੁਣੇ ਗਏ ਰੂਸ-ਪੱਖੀ ਪਰਧਾਨ ਨੂੰ ਲਾਂਭੇ ਕਰ ਕੇ ਉਸ ਆਦਮੀ ਨੂੰ ਤਾਕਤ ਸੌਂਪੀ ਜੀਹਨੂੰ ਉਹ ਆਪਣਾ ਆਦਮੀ ਕਹਿੰਦੇ ਸਨ। ਨੇੜਲੇ ਸਾਲਾਂ ਅੰਦਰ ਪੂਰਬੀ ਯੂਰਪ, ਪੋਲੈਂਡ, ਸਲੋਵੇਨੀਆਂ, ਚੈੱਕ ਰੀਪਬਲਿਕ ਵਿਚ ਅਮਰੀਕਨ ਮਿਜ਼ਾਈਲਾਂ ਬੀੜੀਆਂ ਗਈਆਂ ਜੋ ਰੂਸ ਵੱਲ ਸੇਧਤ ਸਨ। ਰੂਸ ਨੂੰ ਇਸ ਬਾਰੇ ਝੂਠਾ ਭਰੋਸਾ ਦਿੱਤਾ ਗਿਆ ਕਿ ਨਾਟੋ ਜਰਮਨੀ ਤੋਂ ਅੱਗੇ ਨਹੀਂ ਵਧੇਗਾ। ਅਸਲ ਵਿਚ ਨਾਟੋ ਅਸਰਦਾਰ ਤਰੀਕੇ ਨਾਲ ਉਸੇ ਸਰਹੱਦ (ਬਾਰਡਰ) ਤੇ ਪਹੁੰਚ ਗਿਆ ਜਿੱਥੋਂ ਦੀ 1941 ਵਿਚ ਹਿਟਲਰ ਦੀ ਫੌਜ ਨੇ ਧਾਵਾ ਬੋਲ ਕੇ ਉਸ ਸਮੇਂ ਦੇ ਸੋਵੀਅਤ ਯੂਨੀਅਨ ਦੇ ਦੋ ਕਰੋੜ ਤੀਹ ਲੱਖ ਲੋਕ ਮਾਰ ਦਿੱਤੇ ਸਨ। ਨਾਟੋ ਦਾ ਕਹਿਣਾ ਹੈ ਕਿ ਜੋ ਕੁਛ ਉਹ ਕਰ ਰਹੇ ਹਨ, ਉਹ ਨਿਰਾ ਰੱਖਿਆਤਮਕ ਹੈ ਤੇ ਪੂਤਿਨ ਨੂੰ ਡਰਨ ਦੀ ਕੋਈ ਲੋੜ ਨਹੀਂ। ਜਾਂ ਇਉਂ ਕਹਿ ਲਵੋ ਕਿ ਪੂਤਿਨ ਨੂੰ ਸੀ.ਆਈ.ਏ. ਦੁਆਰਾ ਅਫ਼ਗ਼ਾਨਿਸਤਾਨ ਅਤੇ ਸੀਰੀਆ ਵਿਚ ਕੀਤੀਆਂ ਕਾਰਵਾਈਆਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ, ਨਾ ਹੀ ਨਾਟੋ ਦੁਆਰਾ 1999 ਵਿਚ ਸਰਬੀਆ ਦੀ ਬੰਬਾਰੀ ਵੱਲ, ਨਾ ਹੀ ਨਾਟੋ ਦੁਆਰਾ 2011 ਵਿਚ ਲਿਬੀਆ ਦੇ ਮੁਅਾਂਮਾਰ ਕਜ਼ਾਫ਼ੀ ਦਾ ਤਖਤਾ ਪਲਟਾਉਣ ਵੱਲ, ਨਾ ਹੀ ਅਫ਼ਗ਼ਾਨਿਸਤਾਨ ਤੇ 15 ਸਾਲ ਦੇ ਕਬਜ਼ੇ ਵੱਲ, ਨਾ ਹੀ ਜੋਅ ਬਾਈਡਨ ਦੁਆਰਾ ਪੂਤਿਨ ਨੂੰ ਪ੍ਰਧਾਨਗੀ ਤੋਂ ਹਟਾਉਣ ਵਾਲੇ ਬਿਆਨ ਵੱਲ ਅਤੇ ਨਾ ਹੀ ਅਮਰੀਕਾ ਦੇ ਰੱਖਿਆ ਸਕੱਤਰ (ਡੀਫੈਂਸ ਸੈਕਰੇਟਰੀ) ਲਾਇਡ ਆਸਟਿਨ ਦੇ ਇਸ ਕਥਨ ਵੱਲ ਕਿ ਅਮਰੀਕਾ ਦਾ ਮੰਤਵ ਯੂਕਰੇਨ- ਯੁੱਧ ਰਾਹੀਂ ਰੂਸ ਨੂੰ ਕਮਜ਼ੋਰ ਜਾਂ ਤਬਾਹ ਕਰਨਾ ਹੈ। ਭਲਾ ਰੂਸ ਇਸ ਸਭ ਕਾਸੇ ਨੂੰ ਨਜ਼ਰ ਅੰਦਾਜ਼ ਕਰ ਕੇ ਘੇਸਲ਼ ਕਿਵੇਂ ਮਾਰ ਸਕਦਾ ਹੈ।

ਮਿਨਸਕ ਸਮਝੌਤਾ ਦੂਜਾ -- ਇਤਿਹਾਸਕ ਸਚਾਈ ਤਾਂ ਇਹ ਹੈ ਕਿ ਸੋਵੀਅਤ ਸੰਘ ਟੁੱਟਣ ਨਾਲ ਪੱਛਮੀ ਮੁਲਕਾਂ ਦੇ ਗੱਠਜੋੜ ਨੇ ਵਾਅਦਾ ਕੀਤਾ ਸੀ ਕਿ ਨਾਟੋ ਪੂਰਬ ਵੱਲ ਨਹੀਂ ਵਧੇਗਾ। ਇਸ ਦੇ ਬਾਵਜੂਦ ਨਾਟੋ ਚਾਰ ਵਾਰ ਵਾਅਦਾ-ਖਿਲਾਫ਼ੀ ਕਰਨੋ ਨਹੀਂ ਟਲ਼ਿਆ - 1999 ਵਿਚ ਤਿੰਨ ਯੂਰਪੀ ਮੁਲਕ ਸ਼ਾਮਲ ਕੀਤੇ, 2004 ਵਿਚ ਕਾਲ਼ੇ ਸਾਗਰ (ਬਲੈਕ ਸੀ) ਦੇ ਅਤੇ ਬਾਲਟਿਕ ਦੇਸ਼ਾਂ ਸਣੇ 7 ਹੋਰ ਦੇਸ਼ ਨਾਲ ਜੋੜ ਲਏ, 2008 ਵਿਚ ਯੂਕਰੇਨ ਅਤੇ ਜਾਰਜੀਆ ਨੂੰ ਸ਼ਾਮਲ ਕਰਨ ਦਾ ਅਹਿਦ ਲਿਆ ਅਤੇ 2022 ਵਿਚ ਚਾਰ ਏਸ਼ੀਆ-ਪੈਸਿਫਿਕ ਆਗੂ ਮੁਲਕਾਂ ਨੂੰ ਚੀਨ ਦੇ ਟਾਕਰੇ ਲਈ ਨਾਟੋ ਵੱਲ ਆਉਣ ਦਾ ਸੱਦਾ ਦੇ ਮਾਰਿਆ। ਪੱਛਮੀ ਮੀਡੀਆ ਨੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ 2014 ਵਿਚ ਰੂਸ-ਪੱਖੀ ਯੂਕਰੇਨੀ ਪ੍ਰਧਾਨ ਵਿਕਤਰ ਯਾਨੂਕੋਵਿਚ ਨੂੰ ਹਟਾਉਣ ਪਿੱਛੇ ਅਮਰੀਕਾ ਦੀ ਬਹਿਬਤ ਸੀ, ਕਿ ਫਰਾਂਸ ਅਤੇ ਜਰਮਨੀ ਦੁਆਰਾ ਮਿਨਸਕ-ਦੂਜਾ ਸਮਝੌਤੇ ਦੀ ਗਰੰਟੀ ਪੁਗਾਉਣ ਤੋਂ ਅਸਫਲਤਾ ਰਹੀ, ਕਿ ਯੂਕਰੇਨ ਆਪਣੀਆਂ ਪ੍ਰਤੀਬੱਧਤਾਵਾਂ ਤੇ ਪੂਰਾ ਨਹੀਂ ਉਤਰਿਆ, ਕਿ ਡੋਨਲਡ ਟਰੰਪ ਅਤੇ ਜੋਅ ਬਾਈਡਨ ਦੀਆਂ ਸਰਕਾਰਾਂ ਸਮੇਂ ਅਮਰੀਕਾ ਦੁਆਰਾ ਯੂਕਰੇਨ ਨੂੰ ਬੇ-ਤਹਾਸ਼ਾ ਜੰਗੀ ਹਥਿਆਰ ਭੇਜੇ ਗਏ, ਕਿ ਅਮਰੀਕਾ ਦੁਆਰਾ ਨਾਟੋ ਦੇ ਯੂਕਰੇਨ ਤੱਕ ਪਸਾਰ ਬਾਰੇ ਪੂਤਿਨ ਨਾਲ ਗੱਲ ਬਾਤ ਕਰਨ ਤੋਂ ਪਿੱਛੇ ਹਟਿਆ ਗਿਆ।

ਬਰਤਾਨੀਆਂ ਦਾ ਧਾਕੜ ਰਵੱਈਆ -- ਓਧਰ ਬਰਤਾਨੀਆਂ (ਯੂਨਾਈਟਿਡ ਕਿੰਗਡਮ-ਯੂ.ਕੇ.) ਨੇ ਵੀ ਗੁਸਤਾਖ ਧੱਕੜਬਾਜ਼ੀ ਦੀ ਕਸਰ ਨਹੀਂ ਛੱਡੀ। 2015 ਤੋਂ ਲੈ ਕੇ ਹੁਣ ਤੱਕ ਉਸ ਨੇ 22,000 ਤੋਂ ਵੱਧ ਯੂਕਰੇਨੀ ਫੌਜੀਆਂ ਨੂੰ ਸਿਖਲਾਈ ਦਿੱਤੀ -ਔਪਰੇਸ਼ਨ ਔਰਬਾਈਟਲ। ਪਲਾਈਮਾਊਥ ਯੂਨੀਵਰਸਿਟੀ ਦੇ ਖੋਜੀ ਅਤੇ ਕਈ ਕਿਤਾਬਾਂ ਦੇ ਲੇਖਕ ਟੀ.ਜੇ. ਕੋਲਜ਼ ਨੇ 12 ਅਗਸਤ, 2022 ਦੇ ਲੇਖ ਵਿਚ ਦੱਸਿਆ ਹੈ ਕਿ ਬਰਤਾਨੀਆਂ 2014 ਦੇ ਤਖਤਾ-ਪਲਟ ਤੋਂ ਪਹਿਲਾਂ ਕਈ ਸਾਲਾਂ ਤੋਂ ਯੂਕਰੇਨ ਅੰਦਰ ਫੌਜੀ ਸਿਖਲਾਈ ਦਿੰਦਾ ਰਿਹਾ ਸੀ। ਯੂ.ਕੇ ਦੇ ਯੂ.ਐਨ.ਓ. ਵਿਖੇ ਸਥਾਈ ਪ੍ਰਤੀਨਿਧੀ ਲੇਅ ਟਰਨਰ ਨੇ 2011 ਵਿਚ ਕਿਹਾ ਸੀ ਕਿ ਬਰਤਾਨੀਆਂ ਯੂਕਰੇਨ ਨੂੰ ਰੂਸ ਦੇ ਖਿਲਾਫ਼ ਹਥਿਆਰ ਵਜੋਂ ਵਰਤਣ ਵੱਲ ਤਵੱਜੋ ਦਿੰਦਾ ਰਹੇ, ਕਿ ਯੂਕਰੇਨ ਨੂੰ ਨਾਟੋ ਫੌਜਾਂ ਨਾਲ ਮਿਲ ਕੇ ਕੰਮ ਕਰਨ ਦੇ ਯੋਗ ਬਣਾਇਆ ਜਾਵੇ। 2015 ਵਿਚ ਬਰਤਾਨੀਆਂ ਨੇ ਇਸ ਮੰਤਵ ਲਈ ਔਪਰੇਸ਼ਨ ਔਰਬਾਈਟਲ ਸਥਾਪਤ ਕੀਤਾ। 2018 ਵਿਚ ਸਿਖਲਾਈ ਟੀਮਾਂ - ਰਾਇਲ ਨੇਵੀ ਅਤੇ ਰਾਇਲ ਮੈਰੀਨਜ਼ ਨੇ ਯੂਕਰੇਨ ਦੀ ਨੇਵੀ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ। 2020 ਦੇ ਅੰਤ ਤੱਕ ਤੀਜੀ ਰਾਈਫਲ ਅਤੇ 4 ਸਕਾਟਸ ਦੇ 100 ਸਿਪਾਹੀ ਸਿਖਲਾਈ ਦੇਣ ਲਈ ਯੂਕਰੇਨ ਵਿਚ ਹਾਜ਼ਰ ਸਨ। 2021 ਵਿਚ ਬਰਤਾਨੀਆਂ ਨੇ ਯੂਕਰੇਨ ਨੂੰ ਉਸ ਦੀ ਜਲ ਸੈਨਿਕ ਸਮਰੱਥਾ ਵਧਾਉਣ ਖਾਤਰ 1.7 ਅਰਬ ਪੌਂਡ ਦੇਣ ਦਾ ਸੰਕਲਪ ਲਿਆ। ਅਗਸਤ, 2021 ਵਿਚ ਸੋਲਜ਼ਰ ਨਾਂ ਦੇ ਮੈਗਜ਼ੀਨ ਨੇ ਇੰਕਸਾਫ਼ ਕੀਤਾ ਕਿ ਬਰਤਾਨਵੀ ਫੌਜਾਂ ਆਪਣੇ ਸਹਿਯੋਗੀ ਕੈਨੇਡੀਅਨ, ਅਮਰੀਕਨ ਅਤੇ ਸਵੀਡਿਸ਼ ਫੌਜੀਆਂ ਸਣੇ ਯੂਕਰੇਨੀ ਫੌਜੀਆਂ ਨਾਲ ਮਿਲ ਕੇ ਸਿਖਲਾਈ ਵਿਚ ਰੁੱਝੀਆਂ ਹੋਈਆਂ ਸਨ। ਤਕਰੀਬਨ 4 ਸਕਾਟਸ ਦੇ 400 ਫੌਜੀ ਯੂਕਰੇਨ ਵਿਚ ਓਥੋਂ ਦੇ 54ਵੇਂ ਮੈਕਨਾਈਜ਼ਡ ਬ੍ਰਿਗੇਡ ਨਾਲ ਮਿਲ ਕੇ ਗੋਲ਼ੀਬਾਰੀ ਦੀਆਂ ਮਸ਼ਕਾਂ ਕਰ ਰਹੇ ਸਨ, ਜਿਨ੍ਹਾਂ ਨੇ ਅਸਥਿਰਤਾ ਵਾਲੇ ਡੋਨਬਾਸ ਖੇਤਰ ਦੇ ਕਈ ਵਾਰ ਦੌਰੇ ਕੀਤੇ ਹਨ। ਇਸ ਸਾਲ ਅਪ੍ਰੈਲ ਵਿਚ ਜਦੋਂ ਬੀ.ਬੀ.ਸੀ. ਨੇ ਬਰਤਾਨਵੀ ਵਿਦੇਸ਼ ਸੈਕਟਰੀ (ਜੋ ਹੁਣ ਪ੍ਰਧਾਨ ਮੰਤਰੀ ਹੈ) ਲਿਜ਼ ਟਰੱਸ ਨੂੰ ਬਰਤਾਨਵੀਆਂ ਦੁਆਰਾ ਯੂਕਰੇਨ ਵਿਚ ਵਾਲੰਟੀਅਰ ਵਜੋਂ ਜਾਣ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਇਸ ਦੀ ਹਮਾਇਤ ਕਰਦੀ ਹੈ। ਇਹ ਸੂਚਨਾ ਮਿਲੀ ਕਿ ਉਸ ਦੀ ਇਸ ਟਿੱਪਣੀ ਨੇ ਰੂਸ ਨੂੰ ਪਰਮਾਣੂ ਹਥਿਆਰ ਵਰਤਣ ਦੀ ਤਿਆਰੀ ਕਰਨ ਵਾਸਤੇ ਉਕਸਾਇਆ। ਸੀ ਐਨ ਐਨ ਦੇ ਜੈਕ ਟੈਪਰ ਦੁਆਰਾ ਪ੍ਰਧਾਨ ਮੰਤਰੀ ਬਣੀ ਲਿਜ਼ ਟਰੱਸ ਨਾਲ ਕੀਤੀ ਇੰਟਰਵਿਊ ਦੌਰਾਨ, ਜੋ 25 ਸਤੰਬਰ ਨੂੰ ਪ੍ਰਸਾਰਤ ਕੀਤੀ ਗਈ, ਲਿਜ਼ ਨੇ ਕਿਹਾ ਕਿ ਉਹ ਪੂਤਿਨ ਦੀਆਂ ਫੋਕੀਆਂ ਗਿੱਦੜ-ਧਮਕੀਆਂ ਦੀ ਨਿੰਦਾ ਕਰਦੀ ਹੈ। ਜੂਨ,2022 ਤੱਕ ਦੀ ਸੂਚਨਾ ਮੁਤਾਬਕ 20,000 ਵਾਲੰਟੀਅਰ ਯੂਕਰੇਨ ਵਿਚ ਲੜਾਈ ਕਰ ਰਹੇ ਸਨ ਜਿਨ੍ਹਾਂ ਵਿੱਚੋਂ 3,000 ਬਰਤਾਨਵੀ ਸਨ।

ਜੰਗੀ ਹਾਲਾਤ ਦੀ ਸਮਾਂ-ਸੂਚੀ -- ਇਹ ਠੀਕ ਹੈ ਕਿ ਹਮਲਾਵਰ ਰੂਸ ਹੈ ਅਤੇ ਇੱਕ ਖ਼ੁਦਮੁਖਤਿਆਰ ਮੁਲਕ ਉੱਤੇ ਹਮਲਾ ਕਰਨਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਕਾਰਨਾਂ ਪਿੱਛੇ ਜਾਈਏ ਤਾਂ ਪਤਾ ਲਗਦਾ ਹੈ ਕਿ ਪੰਗਾ ਕਿਸ ਨੇ ਲਿਆ



ਤੇ ਯੁੱਧ ਦੇ ਹਾਲਾਤ ਕਿਸ ਨੇ ਪੈਦਾ ਕੀਤੇ। ਯੂ. ਐਨ. ਓ. ਮੁਤਾਬਕ 2014 ਤੋਂ ਲੈ ਕੇ ਹੁਣ ਤੱਕ ਦੇ ਸਾਲਾਂ ਵਿਚ ਡੋਨਬਾਸ ਖਿੱਤੇ ਦੇ ਕੀਵ ਖੇਤਰ ਵਿਚ 14,000 ਲੋਕ ਅੰਦਰੂਨੀ ਖਾਨਾਜੰਗੀ ਦਾ ਸ਼ਿਕਾਰ ਹੋਏ। ਬਹੁਤੇ ਹਮਲੇ ਨੀਮ-ਨਾਜ਼ੀ ਲੋਕਾਂ ਵੱਲੋਂ ਕੀਤੇ ਗਏ। ਮਈ, 2014, ਇੱਕੋ ਮਹੀਨੇ ਵਿਚ ਦਰਜਨਾਂ ਰੂਸੀ ਬੋਲਦੇ ਲੋਕ ਜ਼ਿੰਦਾ ਜਲਾ ਦਿੱਤੇ ਗਏ ਜਾਂ ਦਮ ਘੁੱਟ ਕੇ ਮਾਰ ਦਿੱਤੇ ਗਏ। ਇਹ ਕਾਰਾ ਔਡੇਸਾ ਦੀ ਟ੍ਰੇਡ ਯੂਨੀਅਨ ਇਮਾਰਤ ਵਿਚ ਕੱਟੜ ਨਾਜ਼ੀ ਸਹਿਯੋਗੀ ਆਗੂ, ਸਟੀਪਨ ਬਾਂਦਰਾ, ਦੇ ਤਾਨਾਸ਼ਾਹ ਗੁੰਡਿਆਂ ਨੇ ਕੀਤਾ। ਨਿਊਯਾਰਕ ਟਾਈਮਜ਼ ਨੇ ਇਨ੍ਹਾਂ ਗੁੰਡਿਆਂ ਨੂੰ ਵਤਨ-ਪ੍ਰਸਤ ਕਰਾਰ ਦਿੱਤਾ। ਇਸੇ ਮਹੀਨੇ ਯੂਕਰੇਨ ਦੀ ਨੀਮ-ਨਾਜ਼ੀ ਬਟਾਲੀਅਨ- ਆਜ਼ੋਵ ਦੀ ਪੁਲੀਸ ਨੇ ਮਾਰੀਓਪੋਲ ਸ਼ਹਿਰ ਦੇ ਲੋਕਾਂ ਤੇ ਬੰਬਾਰੀ ਕੀਤੀ। ਨਾਟੋ ਮੁਲਕਾਂ, ਖਾਸ ਕਰ ਕੇ ਅਮਰੀਕਾ ਤੇ ਯੂ.ਕੇ. ਵੱਲੋਂ ਲਗਾਤਾਰ ਕੀਤੀਆਂ ਭੜਕਾਊ ਕਾਰਵਾਈਆਂ ਨੇ ਸੁਰੱਖਿਆ ਬਾਰੇ ਰੂਸ ਦੀ ਚਿੰਤਾ ਨੂੰ ਸਿਖਰ ਤੇ ਲੈ ਆਂਦਾ।

ਜੰਗੀ ਹਾਲਾਤ ਦੀ ਸਮਾਂ-ਸੂਚੀ -- ਇਹ ਠੀਕ ਹੈ ਕਿ ਹਮਲਾਵਰ ਰੂਸ ਹੈ ਅਤੇ ਇੱਕ



ਖ਼ੁਦਮੁਖਤਿਆਰ ਮੁਲਕ ਉੱਤੇ ਹਮਲਾ ਕਰਨਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਕਾਰਨਾਂ ਪਿੱਛੇ ਜਾਈਏ ਤਾਂ ਪਤਾ ਲਗਦਾ ਹੈ ਕਿ ਪੰਗਾ ਕਿਸ ਨੇ ਲਿਆ ਤੇ ਯੁੱਧ ਦੇ ਹਾਲਾਤ ਕਿਸ ਨੇ ਪੈਦਾ ਕੀਤੇ। ਯੂ. ਐਨ. ਓ. ਮੁਤਾਬਕ 2014 ਤੋਂ ਲੈ ਕੇ ਹੁਣ ਤੱਕ ਦੇ ਸਾਲਾਂ ਵਿਚ ਡੋਨਬਾਸ ਖਿੱਤੇ ਦੇ ਕੀਵ ਖੇਤਰ ਵਿਚ 14,000 ਲੋਕ ਅੰਦਰੂਨੀ ਖਾਨਾਜੰਗੀ ਦਾ ਸ਼ਿਕਾਰ ਹੋਏ। ਬਹੁਤੇ ਹਮਲੇ ਨੀਮ-ਨਾਜ਼ੀ ਲੋਕਾਂ ਵੱਲੋਂ ਕੀਤੇ ਗਏ। ਮਈ, 2014, ਇੱਕੋ ਮਹੀਨੇ ਵਿਚ ਦਰਜਨਾਂ ਰੂਸੀ ਬੋਲਦੇ ਲੋਕ ਜ਼ਿੰਦਾ ਜਲਾ ਦਿੱਤੇ ਗਏ ਜਾਂ ਦਮ ਘੁੱਟ ਕੇ ਮਾਰ ਦਿੱਤੇ ਗਏ। ਇਹ ਕਾਰਾ ਔਡੇਸਾ ਦੀ ਟ੍ਰੇਡ ਯੂਨੀਅਨ ਇਮਾਰਤ ਵਿਚ ਕੱਟੜ ਨਾਜ਼ੀ ਸਹਿਯੋਗੀ ਆਗੂ, ਸਟੀਪਨ ਬਾਂਦਰਾ, ਦੇ ਤਾਨਾਸ਼ਾਹ ਗੁੰਡਿਆਂ ਨੇ ਕੀਤਾ। ਨਿਊਯਾਰਕ ਟਾਈਮਜ਼ ਨੇ ਇਨ੍ਹਾਂ ਗੁੰਡਿਆਂ ਨੂੰ ਵਤਨ-ਪ੍ਰਸਤ ਕਰਾਰ ਦਿੱਤਾ। ਇਸੇ ਮਹੀਨੇ ਯੂਕਰੇਨ ਦੀ ਨੀਮ-ਨਾਜ਼ੀ ਬਟਾਲੀਅਨ- ਆਜ਼ੋਵ ਦੀ ਪੁਲੀਸ ਨੇ ਮਾਰੀਓਪੋਲ ਸ਼ਹਿਰ ਦੇ ਲੋਕਾਂ ਤੇ ਬੰਬਾਰੀ ਕੀਤੀ। ਨਾਟੋ ਮੁਲਕਾਂ, ਖਾਸ ਕਰ ਕੇ ਅਮਰੀਕਾ ਤੇ ਯੂ.ਕੇ. ਵੱਲੋਂ ਲਗਾਤਾਰ ਕੀਤੀਆਂ ਭੜਕਾਊ ਕਾਰਵਾਈਆਂ ਨੇ ਸੁਰੱਖਿਆ ਬਾਰੇ ਰੂਸ ਦੀ ਚਿੰਤਾ ਨੂੰ ਸਿਖਰ ਤੇ ਲੈ ਆਂਦਾ।

ਬਰਤਾਨੀਆਂ ਦੇ ਹਾਊਸ ਆਫ ਕਾਮਨਜ਼ ਦੀ ਖੋਜ ਜ਼ਰੀਏ ਦਿੱਤੇ ਗਏ ਬਿਓਰੇ ਵਿਚ ਕ੍ਰਮਵਾਰ ਘਟੀਆਂ ਘਟਨਾਵਾਂ ਦਾ ਵੇਰਵਾ ਦਿੱਤਾ ਗਿਆ ਮਿਲਦਾ ਹੈ। ਫ਼ਰਵਰੀ,2019 ਵਿਚ ਯੂਕਰੇਨ ਦੇ ਸੰਵਿਧਾਨ ਵਿਚ ਸੰਸ਼ੋਧਨ ਕਰ ਕੇ ਇਸ ਦੇ ਨਾਟੋ ਦਾ ਮੈਂਬਰ ਬਨਣ ਲਈ ਰਾਹ ਪੱਧਰਾ ਕਰ ਦਿੱਤਾ। ਜੂਨ, 2020 ਵਿਚ ਨਾਟੋ ਨੇ ਯੂਕਰੇਨ ਨੂੰ ਜਲਦੀ ਮੈਂਬਰ ਬਨਾਉਣ ਵਾਲੀ ਸੂਚੀ ਵਿਚ ਪਾ ਲਿਆ। ਸਤੰਬਰ ਮਹੀਨੇ ਪ੍ਰਧਾਨ ਵੋਲੋਦੀਮੀਰ ਯੇਲੈਂਸਕੀ ਨੇ ਨਾਟੋ ਵਿਚ ਸ਼ਾਮਲ ਹੋਣ ਵਾਲੀ ਕੌਮੀ ਸੁਰੱਖਿਆ ਰਣਨੀਤੀ ਅਪਣਾ ਲਈ। ਅਪ੍ਰੈਲ, 2021 ਵਿਚ ਰੂਸ ਨੇ ਯੂਕਰੇਨ ਦੀਆਂ ਸਰਹੱਦਾਂ ਤੇ ਫੌਜ ਤਾਇਨਾਤ ਕਰਨ ਦਾ ਐਲਾਨ ਕਰ ਕੇ ਫੌਜੀ ਮਸ਼ਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮਗਰੋਂ ਫੌਜਾਂ ਪਿੱਛੇ ਹਟਾ ਲਈਆਂ। ਅਕਤੂਬਰ ਮਹੀਨੇ ਯੂਕਰੇਨ ਮਿਲਟਰੀ ਨੇ ਰੂਸ ਨੂੰ ਉਕਸਾਉਣ ਖਾਤਰ ਪੂਰਬੀ ਯੂਕਰੇਨ ਅੰਦਰ ਡਰੋਨ ਭੇਜਿਆ। ਰੂਸ ਨੇ ਸੀਮਾਵਾਂ ਤੇ ਫੌਜਾਂ ਤਾਇਨਾਤ ਕਰ ਕੇ ਦਸੰਬਰ,2021 ਨੂੰ ਯੂਕਰੇਨ ਤੋਂ ਨਾਟੋ ਵਿਚ ਸ਼ਾਮਲ ਨਾ ਹੋਣ ਦੀ ਸੁਰੱਖਿਆ ਗਰੰਟੀ ਦੀ ਮੰਗ ਰੱਖ ਦਿੱਤੀ। ਪੂਤਿਨ ਨੇ ਇਸ ਭਾਵਨਾ ਵਾਲੇ ਡਰਾਫਟ ਸੁਝਾਅ ਯੂ.ਐਨ. ਸਕਿਉਰਟੀ ਕੌਂਸਲ ਅੱਗੇ ਰੱਖੇ। ਇਸ ਸਾਲ ਜਨਵਰੀ ਵਿਚ ਪ੍ਰੈਜ਼ੀਡੈਂਟ ਜੋਅ ਬਾਈਡਨ ਨੇ ਜੰਗ ਦੀਆਂ ਸੰਭਾਵਨਾਵਾਂ ਬਾਰੇ ਖ਼ਦਸ਼ਾ ਜਤਾਇਆ। ਅੱਗੇ ਜਾ ਕੇ ਇਸੇ ਹਾਊਸ ਦੀ ਲਾਇਬਰੇਰੀ ਦੀ ਖੋਜਪੂਰਨ ਜਾਣਕਾਰੀ ਇਉਂ ਦਿੱਤੀ ਗਈ - ਰੂਸ ਨਾਟੋ ਗੱਠਜੋੜ (ਅਲਾਇੰਸ) ਤੋਂ ਲੰਮੇ ਸਮੇ ਲਈ ਸੁਰੱਖਿਆ ਗਰੰਟੀ ਚਾਹੁੰਦਾ ਹੈ ਕਿ ਯੂਕਰੇਨ ਨੂੰ ਮੈਂਬਰ ਨਾ ਬਣਾਇਆ ਜਾਵੇ ਅਤੇ ਨਾਟੋ ਫੌਜਾਂ ਯੂਕਰੇਨ ਅੰਦਰ ਤਾਣਾ-ਬਾਣਾ ਬਨਾਉਣ ਤੋਂ ਗੁਰੇਜ਼ ਕਰਨ। ਇਸ ਖੋਜ ਪਰਚੇ ਮੁਤਾਬਕ ਨਾਟੋ ਨੇ ਯੂਕਰੇਨ ਦੇ ਦੁਆਲੇ ਪਸਾਰ ਕਰ ਲਿਆ ਸੀ, ਹੋਰ ਜੰਗੀ ਜਹਾਜ਼ ਅਤੇ ਸਮੁੰਦਰੀ ਬੇੜੇ ਇਸ ਖਿੱਤੇ ਵਿਚ ਤਾਇਨਾਤ ਕਰ ਦਿੱਤੇ ਸਨ। 2014-15 ਦੇ ਮਿਨਸਕ ਸਮਝੌਤੇ ਦੀ ਦੋਵਾਂ ਧਿਰਾਂ ਨੇ ਉਲੰਘਣਾ ਜਾਰੀ ਰੱਖੀ। ਇਸ ਤਰ੍ਹਾਂ ਪਰਮਾਣੂ ਤਾਕਤਾਂ ਦਰਮਿਆਨ ਬੇ-ਲੋੜੀ ਪਾਗਲਪੁਣੇ ਦੀ ਜੰਗ ਦਾ ਮੁੱਢ ਬੱਝਿਆ।

ਕੁੰਢੀਆਂ ਦੇ ਸਿੰਗ ਫਸਗੇ, ਨਿੱਤਰੂ ਵੜੇਵੇਂ ਖਾਣੀ -- ਅਮਰੀਕਾ ਅਤੇ ਨਾਟੋ ਸਹਿਯੋਗੀਆਂ ਦੀਆਂ ਚਾਲਾਂ ਦਾ ਸ਼ਿਕਾਰ ਉਨ੍ਹਾਂ ਦੀ ਹੱਲਾਸ਼ੇਰੀ ਵਿਚ ਫਸ ਕੇ ਯੂਕਰੇਨ (ਜਾਂ ਯੇਲੈਂਸਕੀ) ਲੰਮੀ ਲੜਾਈ ਵਿਚ ਧਸ ਗਿਆ। ਲੜਾਈ ਦਾ ਮੈਦਾਨ ਰੂਸ ਨਹੀਂ, ਯੂਕਰੇਨ ਹੈ। ਬਥੇਰੀ ਬੰਬਾਰੀ ਹੋਈ, ਬਥੇਰੇ ਇਲਾਕੇ ਰੂਸ ਦੇ ਕਬਜ਼ੇ ਹੇਠ ਆ ਗਏ, ਅੰਤਾਂ ਦੀ ਤਬਾਹੀ ਹੋਈ, ਬਥੇਰੇ ਲੋਕ ਮਾਰੇ ਗਏ, ਲੱਖਾਂ ਲੋਕ ਬੇ-ਘਰ ਹੋ ਕੇ ਗੁਆਂਢੀ ਮੁਲਕਾਂ ਵਿਚ ਰਿਫਿਊਜ਼ੀ ਬਣ ਗਏ, ਲੜਾਈ ਬੰਦ ਕਰਾਉਣ ਦੀ ਬਜਾਏ ਜਿੱਤ ਹਾਰ ਨੂੰ ਵੱਕਾਰ ਦਾ ਸੁਆਲ ਬਣਾ ਕੇ ਲੰਮੀ ਕੀਤੀ ਜਾ ਰਹੀ ਹੈ। ਨਾਟੋ ਦੇਸ਼ਾਂ ਵੱਲੋਂ ਬੇ-ਸ਼ੁਮਾਰ ਮਾਰੂ ਹਥਿਆਰ ਯੂਕਰੇਨ ਵੱਲ ਧੱਕੇ ਜਾ ਰਹੇ ਹਨ। ਉਨ੍ਹਾਂ ਦੀਆਂ ਫੈਕਟਰੀਆਂ ਧੜਾ ਧੜ ਚੱਲ ਰਹੀਆਂ ਹਨ। ਵਾਲ ਸਟਰੀਟ ਜਰਨਲ ਦੀ ਰਿਪੋਰਟ ਮੁਤਾਬਕ ਜਰਮਨੀ ਦੇ ਚਾਂਸਲਰ ਓਲਾਫ ਸ਼ੋਲਜ਼ ਨੇ ਜੰਗ ਛਿੜਨ ਤੋਂ ਪਹਿਲਾਂ 19 ਫ਼ਰਵਰੀ ਨੂੰ ਮਿਊਨਿਖ ਵਿਖੇ ਵੋਲੋਦੀਮੀਰ ਯੇਲੈਂਸਕੀ ਨੂੰ ਸਲਾਹ ਦਿੱਤੀ ਕਿ ਯੂਕਰੇਨ ਨਾਟੋ ਵਿਚ ਸ਼ਾਮਲ ਹੋਣ ਦੀ ਮਨਸ਼ਾ ਤਿਆਗ ਕੇ ਪੱਛਮ ਅਤੇ ਰੂਸ ਦਰਮਿਆਨ ਸਥਾਈ ਸੁਰੱਖਿਆ ਸਮਝੌਤੇ ਦਾ ਰਾਹ ਪੱਧਰਾ ਕਰਨ ਲਈ ਨਿਰਪੱਖ ਰਹਿਣ ਦਾ ਐਲਾਨ ਕਰ ਦੇਵੇ। ਇਸ ਪੈਕਟ ਤੇ ਜੋਅ ਬਾਈਡਨ ਅਤੇ ਵਲਾਦੀਮੀਰ ਪੂਤਿਨ ਦਸਤਖਤ ਕਰਨਗੇ ਜਿਹੜੇ ਮਿਲ ਕੇ ਯੂਕਰੇਨ ਦੀ ਸੁਰੱਖਿਆ ਦੀ ਗਰੰਟੀ ਦੇਣਗੇ। ਯੇਲੈਂਸਕੀ ਨੇ ਟਕਰਾਅ ਟਾਲਣ ਅਤੇ ਰਿਆਇਤ ਦੇਣ ਦੀ ਪੇਸ਼ਕਸ਼ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਕਿ ਪੂਤਿਨ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ, ਕਿ ਬਹੁਗਿਣਤੀ ਯੂਕਰੇਨੀ ਨਾਟੋ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ। ਓਧਰ ਰੂਸ ਨੇ ਡੋਨਬਾਸ ਰੀਪਬਲਿਕ ਨੂੰ ਮਾਨਤਾ ਦੇ ਦਿੱਤੀ ਅਤੇ 24 ਫ਼ਰਵਰੀ ਨੂੰ ਹੱਲਾ ਬੋਲ ਦਿੱਤਾ। ਇਸ ਤੋਂ ਪਹਿਲਾਂ ਫਰਾਂਸ ਦੇ ਪ੍ਰਧਾਨ ਐਮਾਨੁਅਲ ਮੈਕਰੋਨ ਨੇ ਵੀ ਯੂਰਪੀਅਨ ਯੂਨੀਅਨ ਅਤੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਸੀ ਕਿ ਪੂਤਿਨ ਦੀ ਨਿਰਾਦਰੀ ਨਾ ਕੀਤੀ ਜਾਵੇ ਸਗੋਂ ਝਗੜੇ ਦਾ ਹੱਲ ਫੌਜੀ ਕਾਰਵਾਈ ਦੀ ਬਜਾਏ ਕੂਟਨੀਤਕ ਤਰੀਕੇ ਨਾਲ ਕਰ ਲਿਆ ਜਾਵੇ। ਪਰ ਜੰਗ ਤਾਂ ਨਾਟੋ ਵਾਲੇ ਰੱਬ ਤੋਂ ਮੰਗਦੇ ਸਨ, ਸੋ ਛਿੜ ਗਈ। ਫਸੇ ਤਾਂ ਫਟਕਣ ਕੇਹਾ -- ਓਦੋਂ ਤੋਂ ਲੈ ਕੇ ਹੁਣ ਤੱਕ ਯੇਲੈਂਸਕੀ ਸਾਰੇ ਮੁਲਕਾਂ ਸਾਹਮਣੇ ਮਿੰਨਤਾਂ ਕਰਦਾ ਨਹੀਂ ਥਕਦਾ ਕਿ ਰੂਸ ਤੇ ਸਖਤ ਪਾਬੰਦੀਆਂ ਲਾਈਆਂ ਜਾਣ, ਵਧੇਰੇ ਮਾਰੂ ਹਥਿਆਰ ਦਿੱਤੇ ਜਾਣ, ਪੂਤਿਨ ਉੱਤੇ ਮੁਜਰਮਾਨਾ ਕਾਰਵਾਈਆਂ ਲਈ ਮੁਕੱਦਮਾ ਚਲਾਇਆ ਜਾਵੇ। ਥੋੜੇ ਜਿਹੇ ਇਲਾਕੇ ਮੁੜ ਕਬਜ਼ਾਉਣ ਦੀਆਂ ਫੜ੍ਹਾਂ ਮਾਰ ਰਿਹਾ ਹੈ ਜਦੋਂ ਕਿ ਮੁਲਕ ਦਾ ਵੱਡਾ ਹਿੱਸਾ ਗੁਆ ਚੁੱਕਾ ਹੈ, ਸਭ ਤੋਂ ਵੱਡਾ ਪਰਮਾਣੂ ਪਾਵਰ ਪਲਾਂਟ ਖੋ ਬੈਠਾ ਹੈ, ਬੰਦਰਗਾਹਾਂ ਤੋਂ ਹੱਥ ਧੋ ਬੈਠਾ ਹੈ, ਅਜਿਹੇ ਬਿਆਨ ਅਤੇ ਨਾਟੋ ਨੂੰ ਵਾਅਦੇ ਦੇ ਚੁੱਕਾ ਹੈ ਕਿ ਜੰਗ ਖ਼ਤਮ ਕਰਨ ਦਾ ਕੋਈ ਉਪਰਾਲਾ ਨਹੀਂ ਹੋ ਰਿਹਾ। ਕਾਰਪੋਰੇਟ ਜਗਤ ਥਾਪੀਆਂ ਮਾਰ ਰਿਹਾ ਹੈ। ਜੰਗ ਤੋਂ ਬਾਦ ਪੱਛਮੀ ਤਾਕਤਾਂ ਦੀਆਂ ਕੰਪਨੀਆਂ ਤਬਾਹ ਹੋਏ ਮੁਲਕ ਦੀ ਮੁੜ-ਉਸਾਰੀ ਦੇ ਢੌਂਗ ਹੇਠ ਆਦਮ ਕੱਦ ਠੇਕੇ ਲੈ ਕੇ ਯੂਕਰੇਨ ਵੱਲ ਵਹੀਰਾਂ ਘੱਤਣਗੀਆਂ। ਡਾ. ਜੌਰਡਨ ਪੀਟਰਸਨ ਦਾ ਮੰਨਣਾ ਹੈ ਕਿ ਇਹ ਸੋਚਣਾ ਨਾਦਾਨੀ ਹੋਵੇਗੀ ਕਿ ਰੂਸ ਜੰਗ ਹਾਰ ਜਾਵੇਗਾ। ਉਹ ਤਾਂ ਪਹਿਲਾਂ ਹੀ ਲੋੜੀਂਦੇ ਨਾਲੋਂ ਵੱਧ ਖੇਤਰਾਂ ਤੇ ਕਾਬਜ਼ ਹੋ ਕੇ ਜਿੱਤ ਹਾਸਲ ਕਰ ਚੁੱਕਾ ਹੈ। ਉਸ ਨੂੰ ਤੇਲ ਦੇ ਗਾਹਕਾਂ ਦੀ ਕਮੀ ਨਹੀਂ। ਚੀਨ ਦਾ ਸਮਰਥਨ ਪਹਿਲਾਂ ਨਾਲੋਂ ਵੱਧ ਮਿਲ ਰਿਹਾ ਹੈ। ਪਰ ਦੂਜੇ ਪਾਸੇ ਯੂਰਪੀ ਮੁਲਕਾਂ ਮੂਹਰੇ ਹਊਆ ਬਣ ਕੇ ਉਸ ਨੇ ਕਿੰਨੇ ਹੋਰ ਯੂਰਪੀ ਦੇਸ਼ ਨਾਟੋ ਦੀ ਝੋਲ਼ੀ ਪਾ ਦਿੱਤੇ ਹਨ। ਰੂਸ ਦੇ ਘਰੇਲੂ ਹਾਲਾਤ ਵੀ ਵਿਗੜ ਰਹੇ ਹਨ। ਵਿਰੋਧੀ ਧਿਰਾਂ ਦੇ ਏਕੇ ਦੀ ਘੇਰਾਬੰਦੀ ਵਿਚ ਫਸ ਕੇ ਹਾਲਤ ਇਹ ਹੋ ਗਈ ਹੈ ਜਿਵੇਂ ਸੱਪ ਦੇ ਮੂੰਹ ਕੋਹੜ ਕਿਰਲੀ, ਖਾਂਦੈ ਤਾਂ ਕੋਹੜੀ ਛਡਦੈ ਤਾਂ ਕਲੰਕੀ। ਯੂ. ਐਨ. ਓ. ਬੈਠਕਾਂ ਕਰਨ ਤੇ ਬਿਆਨ ਦੇਣ ਜੋਗੀ ਹੈ।

ਪਰਮਾਣੂ ਯੁੱਧ ਦਾ ਖ਼ਤਰਾ -- ਦੋਵਾਂ ਧਿਰਾਂ ਅਤੇ ਸੂਲੀ ਚੜ੍ਹੇ ਬੱਚੇ ਯੇਲੈਂਸਕੀ ਦੀ ਅੜੀ ਪਰਮਾਣੂ ਜੰਗ ਛਿੜਨ ਦਾ ਕਾਰਨ ਬਣਦੀ ਜਾ ਰਹੀ ਹੈ। ਰੂਸ ਦੇ ਸਾਬਕਾ ਪ੍ਰਧਾਨ ਦਮਿਤਰੀ ਮੈਦਵੇਦੇਵ ਨੇ ਅਗਸਤ ਵਿਚ ਕਿਹਾ ਸੀ ਕਿ ਜੇ ਯੂਕਰੇਨ ਰੂਸ ਦੇ ਕਬਜ਼ੇ ਹੇਠਲੇ ਪਰਮਾਣੂ ਪਲਾਂਟ ਤੇ ਬੰਬਾਰੀ ਕਰੇਗਾ ਤਾਂ ਯਾਦ ਰਹੇ ਯੂਰਪੀਨ ਯੂਨੀਅਨ ਵਿਚ ਵੀ ਪਰਮਾਣੂ ਖੇਤਰ ਹਨ। ਸੀ. ਆਈ. ਏ. ਦੇ ਡਾਇਰੈਕਟਰ ਵਿਲੀਅਮ ਬਰਨਜ਼ ਨੇ ਅਪ੍ਰੈਲ ਵਿਚ ਕਿਹਾ ਸੀ ਕਿ ਪ੍ਰਮਾਣੂ ਹਥਿਆਰਾਂ ਦੀ ਕਿਸੇ ਤਰ੍ਹਾਂ ਦੀ ਵੀ ਵਰਤੋਂ ਨੂੰ ਹਲਕੇ ਵਿਚ ਨਹੀਂ ਲਿਆ ਜਾਣਾ ਚਾਹੀਦਾ। ਸ਼ਿਕਾਗੋ ਯੂਨੀਵਰਸਿਟੀ ਦੀ ਪੋਲੀਟੀਕਲ ਸਾਇੰਸ ਦਾ ਪ੍ਰੋਫੈਸਰ ਜੌਹਨ ਜੇ. ਮੇਅਰਸ਼ੀਮਰ ਲਿਖਦਾ ਹੈ ਕਿ ਇਸ ਜਨਵਰੀ ਦੇ ਅੱਧ ਵਿਚ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਨੇ ਪ੍ਰੈਸ ਕਾਨਫਰੰਸ ਸਮੇਂ ਕਿਹਾ ਸੀ ਕਿ ਸਭ ਕਾਸੇ ਨੂੰ ਹੱਲ ਕਰਨ ਦੀ ਕੁੰਜੀ ਇੱਕੋ ਹੈ-ਨਾਟੋ ਪੂਰਬ ਵੱਲ ਨਹੀਂ ਵਧੇਗਾ। ਪੂਤਿਨ ਨੇ ਵੀ ਕਿਹਾ ਕਿ ਯੂਕਰੇਨ ਦਾ ਨਾਟੋ ਮੈਂਬਰ ਬਨਣਾ ਰੂਸ ਦੀ ਸੁਰੱਖਿਆ ਲਈ ਖ਼ਤਰਾ ਹੈ ਤੇ ਇਸ ਤੋਂ ਛੁਟਕਾਰਾ ਪਾਉਣ ਦਾ ਇੱਕੋ ਤਰੀਕਾ ਹੈ ਕਿ ਜੰਗ ਕਰ ਕੇ ਯੂਕਰੇਨ ਨੂੰ ਨਿਰਪੱਖ ਦੇਸ਼ ਬਣਾਇਆ ਜਾਵੇ। ਹਾਲ ਦੀ ਘੜੀ ਦੋਵੇਂ ਧਿਰਾਂ ਜਿੱਤਣਾ ਚਾਹੁੰਦੀਆਂ ਹਨ, ਡਰਾਵਾ ਵੀ ਦੇ ਰਹੀਆਂ ਹਨ, ਪ੍ਰਮਾਣੂ ਬਰਬਾਦੀ ਤੋਂ ਡਰ ਵੀ ਰਹੀਆਂ ਹਨ। ਲੋਕ ਮਰ ਰਹੇ ਹਨ, ਮਹਿੰਗਾਈ ਦੀ ਚੱਕੀ ਵਿਚ ਪਿਸ ਰਹੇ ਹਨ। ਆਪਣੀ ਇੱਕ ਕਵਿਤਾ ਦੀਆਂ ਆਖਰੀ ਸਤਰਾਂ ਦੁਹਰਾਉਣੀਆਂ ਵਾਜਬ ਸਮਝਦਾ ਹਾਂ ਬਹੁੜੀ ਦੁਹਾਈ ਵੇ ਕੋਈ ਭਾਈਵਾਲ ਬਣੋ

**ਬਾਂਹ ਐਟਮ ਚੁਕਦੀ ਨੂੰ,**
**ਤੇ ਅੱਗ ਵਰ੍ਹਾਉਂਦੀ ਨੂੰ,**
**ਹਾੜਾ ਵੇ ਭੰਨ ਦਿਓ,**
**ਅਮਨਾਂ ਦੀ ਢਾਲ ਬਣੋ।**

# ਨਵੀਂ ਸਰਕਾਰ ਅਵਾਰਾ ਡੰਗਰਾਂ ਬਾਰੇ ਵੀ ਸੋਚੇ

ਨਵੀਂ ਸਰਕਾਰ ਨੂੰ ਬਣੀ ਨੂੰ ਕਈ ਮਹੀਨੇ ਹੋ ਗਏ ਪਰ ਅਜੇ ਤੱਕ ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਕੋਈ ਨੀਤੀ , ਬਿਆਨ ਸਾਹਮਣੇ ਨਹੀਂ ਆਇਆ । ਇਹ ਬਹੁਤ ਵੱਡਾ ਮਸਲਾ ਨਹੀਂ ਹੈ ਜੋ ਹੱਲ ਨਹੀਂ ਹੋ ਸਕਦਾ , ਅਗਰ ਸਰਕਾਰ ਸੁਹਿਰਦਾ ਨਾਲ ਇਸ ਵੱਲ ਧਿਆਨ ਦੇਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ ਜਿਸ ਨਾਲ ਬਹੁਤ ਸਾਰੀਆਂ ਜਾਨਾਂ ਅਜਾਈਂ ਜਾਣ ਤੋਂ , ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਆਦਿ ਤੋਂ ਲੋਕਾਂ ਨੂੰ ਰਾਹਤ ਮਿਲੇਗੀ ।

ਪੰਜਾਬ ਦੀਆਂ ਸੜਕਾਂ ਤੇ ਅਵਾਰਾ ਡੰਗਰ ਪਹਿਲੀ ਸਰਸਰੀ ਨਜ਼ਰੇ ਹੀ ਝੂੰਡਾਂ ਦੇ ਰੂਪ ਵਿੱਚ ਦੇਖਣ ਨੂੰ ਮਿਲਣਗੇ। ਰੋਜ਼ਾਨਾ ਅਖਬਾਰਾਂ ਅੰਦਰ ਅਵਾਰਾ ਡੰਗਰਾਂ ਨਾਲ ਦੁਰਘਟਨਾਵਾਂ ਦਾ ਜ਼ਿਕਰ ਅਕਸਰ ਹੁੰਦਾ ਹੈ। ਦਿਨੋਂ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ।ਕਈ ਥਾਵਾਂ ਤੇ ਅਵਾਰਾ ਡੰਗਰਾਂ ਨਾਲ ਮਾਰੇ ਲੋਕਾਂ ਲਈ ਸਥਾਨਕ ਪ੍ਰਸ਼ਾਸ਼ਨ ਖਿਲਾਫ ਮੁਆਵਜ਼ੇ ਲਈ ਮੁਕੱਦਮੇ ਵੀ ਦਰਜ਼ ਕਰਾਏ ਗਏ ਹਨ। ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੋੜ ਹੈ , ਕਿਉਂ ਕਿ ਹੁਣ ਕਈ ਥਾਂਵਾਂ ਤੇ ਦੁੱਖਦਾਈ ਘਟਨਾਵਾਂ ਵਾਪਰ ਚੁੱਕੀਆਂ ਹਨ ਕਿਉਂ ਕਿ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ ।ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਜਖ਼ਮੀ ਹੋਣ ਜਾਂ ਮਰਨ ਵਾਲਿਆਂ ਦੀ ਹੁੰਦੀ ਹੈ ।ਇਨ੍ਹਾਂ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਆਮ ਦਿਖਾਈ ਦਿੰਦੇ ਹਨ ਜੋ ਰਾਤ ਵੇਲੇ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੇ ਹਨ ।ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ ।ਕਈ ਥਾਵਾਂ ਤੇ ਬਾਂਦਰਾਂ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ ।ਸੜਕਾਂ ਤੋਂ ਲੰਘਣ ਵਾਲਿਆਂ ਨੂੰ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਕੋਲੋਂ ਲੰਘਣਾ ਬਹੁਤ ਮੁਸਕਲ ਹੋ ਜਾਂਦਾ ਹੈ ਕਿਉਂ ਕਿ ਇਹ ਜਾਨਵਰ ਢੀਠ ਕਿਸਮ ਦੀ ਬਿਰਤੀ ਦੇ ਬਣ ਚੁੱਕੇ ਹਨ , ਹਾਰਨ ਮਾਰਨ ਜਾਂ ਕਿਸੇ ਆਵਾਜ਼ ਦੇਣ ਨਾਲ ਛੇਤੀ ਛੇਤੀ ਇਹ ਡੰਗਰ ਰਸਤਾ ਨਹੀਂ ਦਿੰਦੇ । ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ ।ਸਕੂਲ,ਕਾਲਜ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਹੋ ਜਿਹੇ ਰਸਤਿਆ ਤੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ ।ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ ।ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ ।ਇਨ੍ਹਾਂ



ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਨ ਵੀ ਪੈਂਦਾ ਹੈ ।ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਘੱਟੋ ਘੱਟ ਆਵਾਰਾ ਗਊਆਂ , ਸਾਨ੍ਹਾਂ , ਵੱਛੜਿਆਂ ਆਦਿ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ ।ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ ।ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਜਾਂਦੀ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ। ਜਖ਼ਮੀ ਬੇਵਸ਼ ਡੰਗਰਾਂ ਦੀ ਤਰਸਯੋਗ ਹਾਲਤ ਦੇਖੀ ਨਹੀਂ ਜਾਂਦੀ ਜਦੋਂ ਜਖ਼ਮਾਂ ਨੂੰ ਕੁੱਤੇ , ਪੰਛੀ ਨੋਚਕੇ ਤੜਫਾਉਂਦੇ ਹਨ , ਕਈਆਂ ਦੇ ਕੀੜੇ ਪੈ ਜਾਂਦੇ ਹਨ ।ਪਰ ਬਿਮਾਰ , ਜਖ਼ਮੀ , ਬੁੱਢੇ ਡੰਗਰਾਂ ਦੀ ਹਾਲਤ ਬਹੁਤ ਮਾੜੀ ਹੈ ਜੋ ਸੜਕਾਂ , ਗਲੀਆਂ ਆਦਿ 'ਚ ਘੁੰਮਦੇ ਰਹਿੰਦੇ ਹਨ , ਜੇ ਕਿਸੇ ਘਰ ਮੂਹਰੇ ਇਹੋ ਜਿਹਾ ਡੰਗਰ ਇੱਕ ਵਾਰੀ ਬੈਠ ਜਾਵੇ ਤਾਂ ਉਸ ਨੂੰ ਉਠਾਉਣਾ ਔਖਾ ਕੰਮ ਹੈ ਕਈ ਵਾਰੀ ਉਹ ਉਥੇ ਹੀ ਪ੍ਰਾਣ ਤਿਆਗ ਦਿੰਦਾ ਹੈ ਤਾਂ ਉਸ ਨੂੰ ਚੁੱਕਵਾਉਣ ਲਈ ਪਲਿਓਂ ਪੈਸੇ ਦੇਣੇ ਪੈਂਦੇ ਹਨ ਨਹੀਂ ਤਾਂ ਸੜਿਆਂਦ ਪੈਦਾ ਹੋਣ ਕਾਰਨ ਬਿਮਾਰੀ ਫੈਲਣ ਦਾ ਡਰ ਰਹਿੰਦਾ ਹੈ ।ਸਰਕਾਰ ਨੇ ਮਰੇ ਹੋਏ ਡੰਗਰ , ਜਾਨਵਰ ਆਦਿ ਚੁਕਵਾਉਣ ਤੋਂ ਪਾਸਾ ਹੀ ਵੱਟਿਆ ਹੋਇਆ ਹੈ ਸਬੰਧਤ ਮਹਿਕਮੇ ਕਿਉਂ ਨਹੀਂ ਪ੍ਰਬੰਧ ਕਰਦੇ ਪਰ ਉਂਝ ਸਰਕਾਰ ਲੋਕਾਂ ਦੀ ਸਿਹਤ ਨੂੰ ਪਹਿਲ ਦੇ ਆਧਾਰ ਤੇ ਤਵੱਜੋਂ ਦੇਣ ਦੀ ਗੱਲ ਕਰਦੀ ਹੈ ।


ਗਊਆਂ ਦੀ ਸੇਵਾ ਸੰਭਾਲ ਲਈ ਵਧੇਰੇ ਫੰਡ ਇਕੱਠਾ ਕਰਨ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਲਾ ਰੱਖਿਆ ਹੈ ।ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ ।ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ , ਉਨ੍ਹਾਂ ਨੂੰ ਵੀ ਹਰੇਕ ਸ਼ਹਿਰ ਵਿੱਚ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ ।ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਬੋਲ ਕੇ ਦਿਲਾਸ਼ਾ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ ।ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ ।ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ ਜੋ ਕਿ ਇਸ ਸਰਕਾਰ ਲਈ ਬਿਜਲੀ ਮੁਆਫ ਕਰਨ ਦੇ ਫੈਸਲੇ ਨਾਲੋਂ ਸਸਤਾ ਕਾਰਜ ਹੈ , ਜਿਸ ਦੀ ਕਿਸੇ ਨੇ ਮੰਗ ਵੀ ਨਹੀਂ ਸੀ ਕੀਤੀ। ਸੋ ਇਸ ਤਰ੍ਹਾਂ ਲੋਕ ਹਿਤ 'ਚ ਫੈਸਲਾ ਲੈ ਕੇ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ ।

ਮੇਜਰ ਸਿੰਘ ਨਾਭਾ
ਮੋ:9463553962

# ਡਾ.ਹਰਬੰਸ ਕੌਰ ਗਿੱਲ ਦਾ ਗ਼ਜ਼ਲ ਸੰਗ੍ਰਹਿ 'ਰੂਹ ਦੇ ਰੰਗ' ਸਮਾਜਿਕਤਾ ਦਾ ਪ੍ਰਤੀਕ


ਉਜਾਗਰ ਸਿੰਘ

ਗ਼ਜ਼ਲ ਨੂੰ ਹੁਣ ਤੱਕ ਰੁਮਾਂਸਵਾਦ ਵਿੱਚ ਪਰੁਚੀ ਇਸਤਰੀਲੰਗ ਮਹਿਸੂਸ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਗ਼ਜ਼ਲ ਵਿੱਚ ਵੀ ਬਹੁਤੀਆਂ ਗ਼ਜ਼ਲਾਂ ਇਸਤਰੀ ਅਤੇ ਰੁਮਾਂਸਵਾਦ ਦੇ ਆਲੇ ਦੁਆਲੇ ਹੀ ਘੁੰਮਦੀਆਂ ਰਹੀਆਂ ਹਨ। ਸਮੇਂ ਦੀ ਤਬਦੀਲੀ ਨਾਲ ਗ਼ਜ਼ਲ ਦਾ ਵਿਸ਼ਾ ਵਸਤੂ ਅਤੇ ਰੂਪ ਰੇਖਾ ਬਦਲ ਗਈ ਹੈ, ਭਾਵੇਂ ਰੁਮਾਂਸਵਾਦ ਦੀ ਪ੍ਰਵਿਰਤੀ ਅਜੇ ਵੀ ਅੰਸ਼ਕ ਰੂਪ ਵਿੱਚ ਬਰਕਰਾਰ ਹੈ। ਡਾ.ਹਰਬੰਸ ਕੌਰ ਗਿੱਲ ਨੇ ਵਾਰਤਕ ਦੀਆਂ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹੋਈਆਂ ਹਨ ਪਰੰਤੂ 'ਰੂਹ ਦੇ ਰੰਗ' ਉਨ੍ਹਾਂ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ। 'ਰੂਹ ਦੇ ਰੰਗ' ਦੀਆਂ ਗ਼ਜ਼ਲਾਂ ਸਮਾਜਿਕਤਾ, ਰੁਮਾਂਸਵਾਦ ਅਤੇ ਅਧਿਆਮਿਕਤਾ ਦੇ ਰੰਗ ਵਿੱਚ ਰੰਗੀਆਂ ਹੋਈਆਂ ਹਨ। ਸ਼ਾਇਰਾ ਦੀਆਂ ਗ਼ਜ਼ਲਾਂ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਆ ਰਹੀ ਹੈ ਕਿਉਂਕਿ ਡਾ.ਹਰਬੰਸ ਕੌਰ ਗਿੱਲ ਅਤੇ ਉਨ੍ਹਾਂ ਦੀਆਂ ਗ਼ਜ਼ਲਾਂ ਦੀ ਪਿੱਠਭੂਮੀ ਪੰਜਾਬੀ ਵਿਰਾਸਤ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਦੇ ਸ਼ਿਅਰ ਵਗਦੇ ਦਰਿਆ ਦੇ ਪਾਣੀ ਦੇ ਵਹਿਣ ਦੀ ਤਰ੍ਹਾਂ ਵਹਿੰਦੇ ਹੋਏ ਪਾਠਕ ਦੇ ਮਨ ਵਿੱਚ ਅਜਿਹੀਆਂ ਛੱਲਾਂ ਉਛਾਲਦੇ ਹਨ, ਜਿਹੜੀਆਂ ਸੰਗੀਤ ਦੀਆਂ ਸੁਰਾਂ ਪੈਦਾ ਕਰਦੀਆਂ ਹਨ। ਸਮਾਜਿਕ ਤਾਣੇ ਬਾਣੇ ਵਿੱਚ ਰੋਜ ਮਰਰ੍ਹਾ ਦੇ ਜੀਵਨ ਵਿੱਚ ਜੋ ਕੁਝ ਵਾਪਰਦਾ ਹੈ, ਉਸਦੇ ਪ੍ਰਭਾਵ ਦਾ ਪ੍ਰਤੱਖ ਪ੍ਰਮਾਣ ਡਾ.ਗਿੱਲ ਦੀਆਂ ਗ਼ਜ਼ਲਾਂ ਵਿੱਚੋਂ ਮਿਲਦਾ ਹੈ। ਖਾਸ ਤੌਰ 'ਤੇ ਜੋ ਘਟਨਾਵਾਂ ਸਮਾਜ ਵਿੱਚ ਵਾਪਰਦੀਆਂ ਹਨ, ਜਿਨ੍ਹਾਂ ਦਾ ਪ੍ਰਭਾਵ ਸਮੁੱਚੀ ਮਾਨਵਤਾ ਦੇ ਜੀਵਨ 'ਤੇ ਗਹਿਰਾ ਅਸਰ ਪਾਉਂਦਾ ਹੈ, ਉਹ ਸ਼ਾਇਰਾ ਦੇ ਸ਼ਿਅਰਾਂ ਦਾ ਪਹਿਰਾਵਾ ਪਹਿਨ ਕੇ ਸਮਾਜ ਨੂੰ ਝੰਜੋੜਦੀਆਂ ਹਨ। ਉਹ ਪੰਜਾਬੀ ਜੀਵਨ ਵਿੱਚ ਵਰਤੀ ਜਾਂਦੀ ਲੋਕਧਾਰਾ ਵਾਲੀ ਵਿਰਾਸਤੀ ਸ਼ਬਦਾਵਲੀ ਦੀ ਵਰਤੋਂ ਕਰਦੀ ਹੈ। ਪੰਜਾਬ ਵਿੱਚ ਡਾ.ਹਰਬੰਸ ਕੌਰ ਗਿੱਲ ਨੇ ਬਚਪਨ ਤੋਂ ਪ੍ਰੌੜ੍ਹ ਉਮਰ ਤੱਕ ਸਮਾਜਿਕ ਤਾਣੇ ਬਾਣੇ ਵਿੱਚ ਵਿਚਰਦਿਆਂ ਜੋ ਕੁਝ ਵੇਖਿਆ, ਮਹਿਸੂਸ ਕੀਤਾ ਅਤੇ ਹੰਢਾਇਆ, ਉਸ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਵਸਤੂ ਬਣਾਇਆ ਹੈ। ਸਰਕਾਰੀ ਨੌਕਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਗ਼ਜ਼ਲ ਬਾਰੇ ਸੰਪੂਰਨ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਅਜਿਹਾ ਹੱਥ ਅਜਮਾਇਆ ਜੋ ਗ਼ਜ਼ਲਾਂ ਨੂੰ ਵਿਲੱਖਣਤਾ ਦਾ ਜਾਮਾ ਪਹਿਨਾ ਗਿਆ। ਆਮ ਤੌਰ 'ਤੇ ਹਰ ਸ਼ਾਇਰ ਕਚਘਰੜ ਜਿਹੀ ਸਾਹਿਤਕ ਉਮਰ ਵਿੱਚ ਹੀ ਗ਼ਜ਼ਲ ਲਿਖਣ ਨੂੰ ਤਰਜ਼ੀਹ ਦੇਣ ਲੱਗ ਜਾਂਦਾ ਹੈ। ਡਾ.ਗਿੱਲ ਨੇ ਪੱਕੇ ਪੈਰੀਂ ਹੱਥ ਪਾਇਆ ਹੈ। ਉਨ੍ਹਾਂ ਦੀਆਂ ਗ਼ਜ਼ਲਾਂ, ਗ਼ਜ਼ਲ ਦੇ ਮਾਪ ਦੰਡਾਂ 'ਤੇ ਪੂਰੀਆਂ ਉਤਰਦੀਆਂ ਹਨ। ਉਨ੍ਹਾਂ ਦੀ ਲਗਪਗ ਹਰ ਗ਼ਜ਼ਲ ਵਿੱਚ ਘੱਟੋ ਘੱਟ ਦੋ ਸ਼ਿਅਰ ਸਮਾਜ ਵਿੱਚ ਵਾਪਰ ਰਹੀਆਂ ਸੁਖਾਵੀਂਆਂ/ਅਣਸੁਖਾਵੀਆਂ ਘਟਨਾਵਾਂ ਅਤੇ ਜ਼ੋਰ ਜ਼ਬਰਦਸਤੀਆਂ ਬਾਰੇ ਹਨ। ਭਾਵ ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚ ਸਮਾਜਿਕ ਸਰੋਕਾਰਾਂ ਦੀ ਗੱਲ ਕੀਤੀ ਹੁੰਦੀ ਹੈ। ਰੁਮਾਂਟਿਕ ਗ਼ਜ਼ਲਾਂ ਵਿੱਚ ਵੀ ਸਮਾਜਵਾਦ ਦੀ ਝਲਕ ਵਿਖਾਈ ਦਿੰਦੀ ਹੈ। ਸ਼ਾਇਰਾ ਨੇ ਗ਼ਜ਼ਲ ਨੂੰ ਰੂਹਾਨੀ ਰੂਪ ਵੀ ਦਿੱਤਾ ਹੈ, ਜਿਸ ਦਾ ਸਬੂਤ ਉਨ੍ਹਾਂ ਦੀ ਪਹਿਲੀ ਗ਼ਜ਼ਲ ਹੀ ਹੈ, ਜਿਸ ਵਿੱਚ ਉਹ ਅਧਿਆਮਿਕਤਾ ਦਾ ਪ੍ਰਗਟਾਵਾ ਕਰਦੀ ਹੈ। ਮੇਰੇ ਖਿਆਲ ਮੁਤਾਬਕ ਡਾ.ਹਰਬੰਸ ਕੌਰ ਗਿੱਲ ਪਹਿਲੀ ਗ਼ਜ਼ਲਗੋ ਹੈ, ਜਿਨ੍ਹਾਂ ਨੇ ਅਧਿਆਤਮਿਕ ਰੰਗ ਦੇ ਗਲੇਫ ਵਿੱਚ ਲਪੇਟ ਕੇ ਗ਼ਜ਼ਲ ਲਿਖੀ ਹੈ। ਉਹ ਲਿਖਦੇ ਹਨ-




**ਨਿਰਭਉ ਨਿਰਵੈਰ ਦਾ ਜਿਸ ਵਿੱਚ ਪਸਾਰਾ ਹੋ ਗਿਆ,**
**ਓਸ ਦਾ ਸੰਸਾਰ ਫਿਰ ਸਾਰੇ ਦਾ ਸਾਰਾ ਹੋ ਗਿਆ।**
**ਵੈਰ, ਨਫ਼ਰਤ, ਬੇਵਿਸਾਹੀ ਖੰਭ ਲਾ ਕੇ ਉਡ ਗਏ,**
**ਨਾਮ ਦੀ ਬਰਕਤ 'ਚ ਮੇਰਾ ਹਰ ਸਿਤਾਰਾ ਹੋ ਗਿਆ।**

ਡਾ.ਹਰਬੰਸ ਕੌਰ ਗਿੱਲ ਦੀਆਂ ਗ਼ਜ਼ਲਾਂ ਦੇ ਵਿਸ਼ੇ ਬਹੁ-ਰੰਗੀ, ਬਹੁ-ਪਰਤੀ ਅਤੇ ਬਹੁ-ਪੱਖੀ ਹਨ। ਸਮਾਜ ਵਿੱਚ ਵਾਪਰ ਰਹੀ ਹਰ ਵਿਸੰਗਤੀ ਦੇ ਵਿਰੁੱਧ ਉਨ੍ਹਾਂ ਆਪਣੀਆਂ ਗ਼ਜ਼ਲਾਂ ਵਿੱਚ ਆਵਾਜ਼ ਉਠਾਈ ਹੈ। ਸ਼ਾਇਰਾ ਨੇ ਬਲਾਤਕਾਰ, ਰਾਜਨੀਤਕ ਤਿਗੜਮਬਾਜ਼ੀ, ਹਉਮੈ, ਗ਼ਰੀਬ ਅਮੀਰ ਦਾ ਪਾੜਾ, ਵਿਖਾਵਾ, ਮਖੌਟੇਬਾਜ਼ੀ, ਨਫ਼ਰਤ, ਦਗ਼ਾ-ਫ਼ਰੇਬ, ਝੂਠ ਦਾ ਪਸਾਰਾ, ਕੁਦਰਤ, ਵਾਤਾਵਰਨ, ਪ੍ਰਦੂਸ਼ਨ ਦਾਜ-ਦਹੇਜ ਅਤੇ ਇਸਤਰੀਆਂ ਨੂੰ ਸਾੜ ਕੇ ਮਾਰਨ ਨੂੰ ਵਿਸ਼ਾ ਬਣਾਇਆ ਹੈ। ਲੋਕਾਈ ਦਾ ਦੁੱਖ ਦਰਦ ਉਨ੍ਹਾਂ ਦੀ ਮਾਨਸਿਕਤਾ ਨੂੰ ਕੁਰੇਦਦਾ ਰਹਿੰਦਾ ਹੈ, ਜਿਸ ਕਰਕੇ ਉਨ੍ਹਾਂ ਨੇ ਲੋਕਾਂ ਦੀ ਦੁੱਖਦੀ ਰਗ 'ਤੇ ਹੱਥ ਰੱਖਿਆ ਹੈ। ਸਮਾਜਿਕ ਬੁਰਾਈਆਂ ਵਿਰੁੱਧ ਲੋਕਾਂ ਨੂੰ ਜਾਗ੍ਰਤ ਕਰਨ ਲਈ ਉਹ ਤੁਣਕੇ ਲਗਾਉਂਦੀ ਰਹਿੰਦੀ ਹੈ।

**ਓਸ ਨੂੰ ਦੁਨੀਆਂ ਦੇ ਅੰਦਰ ਹੱਕ ਨਹੀਂ ਹੈ ਜੀਣ ਦਾ,**
**ਜਿਸ ਨੇ ਸਿਰ ਆਪਣਾ ਤਲੀ ਉੱਤੇ ਨਾ ਧਰ ਕੇ ਦੇਖਿਆ।**

ਪਰਵਾਸ ਵਿੱਚ ਬੱਚਿਆਂ ਦੇ ਜਾਣ ਨਾਲ ਮਾਪਿਆਂ ਦੀ ਅਣਵੇਖੀ ਹੋ ਰਹੀ ਹੈ। ਇਸ ਦੇ ਸੰਤਾਪ ਦਾ ਜ਼ਿਕਰ ਵੀ ਕਵਿਤਰੀ ਆਪਣੀਆਂ ਗ਼ਜ਼ਲਾਂ ਵਿੱਚ ਕਰਦੀ ਹੈ। ਉਹ ਲੋਕਾਂ ਨੂੰ ਮਿਹਨਤ ਮੁਸ਼ੱਕਤ ਕਰਨ ਦੀ ਪ੍ਰੇਰਨਾ ਕਰਦੀ ਹੋਈ ਸਲਾਹ ਦਿੰਦੀ ਹੈ ਕਿ ਮੁਕੱਦਰਾਂ 'ਤੇ ਵਿਸ਼ਵਾਸ਼ ਕਰਨ ਵਾਲੇ ਪਛੜ ਜਾਂਦੇ ਹਨ। ਇਕ ਗ਼ਜ਼ਲ ਵਿੱਚ ਲਿਖਦੀ ਹੈ-

ਐਵਰੈਸਟ ਕਦੇ ਵਿਆਹੀ ਨਾ ਜਾਂਦੀ, ਜੇ ਹਿੰਮਤ ਨੇ ਸਿਹਰੇ ਸਜਾਏ ਨਾ ਹੁੰਦੇ।

ਆਪਣੀ ਇਕ ਹੋਰ ਗ਼ਜ਼ਲ ਵਿੱਚ ਰੁੱਤਾਂ ਦੀ ਕਹਾਣੀ ਦਾ ਜ਼ਿਕਰ ਕਰ ਰਹੇ ਹਨ, ਜਿਸ ਦਾ ਭਾਵ ਹੈ ਕਿ ਜਿਸ ਇਨਸਾਨ ਨਾਲ ਜਦੋਂ ਕੋਈ ਜ਼ਿਆਦਤੀ ਹੁੰਦੀ ਹੈ ਤਾਂ ਉਸ ਦੀ ਤਕਲੀਫ਼ ਬਾਰੇ ਉਹ ਹੀ ਜਾਣ ਸਕਦਾ ਹੈ। ਜ਼ਿੰਦਗੀ ਦੁੱਖ ਸੁੱਖ ਦਾ ਦੂਜਾ ਨਾਮ ਹੈ। ਮਨੁੱਖ ਦੇ ਅੰਦਰ ਹੀ ਸਭ ਕੁਝ ਹੈ ਪਰੰਤੂ ਮਨੁੱਖ ਬਾਹਰ ਭਟਕਦਾ ਰਹਿੰਦਾ ਹੈ। ਗੁੱਸਾ, ਨਕਲੀ ਹਾਸਾ, ਹੁਸਨ-ਜਵਾਨੀ, ਬੇਫ਼ਾਈ, ਧੋਖਾ, ਹਉਮੈ ਅਤੇ ਆਪੋ ਧਾਪੀ ਸਭ ਜ਼ਿੰਦਗੀ ਨੂੰ ਤਬਾਹ ਕਰ ਦਿੰਦੇ ਹਨ। ਡਾ.ਹਰਬੰਸ ਕੌਰ ਗਿੱਲ ਦਾ ਪਿਛੋਕੜ ਦਿਹਾਤੀ ਇਲਾਕੇ ਦਾ ਹੈ, ਇਸ ਲਈ ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚ ਕਿਸਾਨੀ ਦੀ ਦੁਰਦਸ਼ਾ ਅਤੇ ਕਿਸਾਨਾ ਦੇ ਬੱਚਿਆਂ ਵੱਲੋਂ ਖੇਤੀ ਕਰਨ ਤੋਂ ਪਾਸਾ ਵੱਟਣ ਦੀ ਚਿੰਤਾ ਸਾਫ ਵਿਖਾਈ ਦਿੰਦੀ ਹੈ ਜਦੋਂ ਉਹ ਆਪਣੇ ਸ਼ਿਅਰਾਂ ਵਿੱਚ ਲਿਖਦੀ ਹੈ-

**'ਖੇਤੀ ਖਸਮਾਂ ਸੇਤੀ' ਇਹ ਗੱਲ ਸੱਚੀ ਹੈ,**
**ਪਰ ਇਕ ਗੇੜਾ ਖੇਤਾਂ ਵਲ ਵੀ ਲਾਇਆ ਕਰ।**
**ਉਮਰ ਭਰ ਜਿਸ ਸ਼ਖ਼ਸ ਨੇ ਨਾ ਕੰਮ, ਕਰਕੇ ਦੇਖਿਆ,**
**ਕੁਝ ਨਹੀਂ ਉਹ, ਜਿਸ ਨਹੀਂ ਸੜ ਕੇ ਜਾਂ ਠਰ ਕੇ ਦੇਖਿਆ।**
**ਇਹ ਸਚਾਈ ਹੈ ਕਿ ਉਹ ਜ਼ਰਖ਼ੇਜ਼ ਹੋ ਸਕਦੀ ਨਹੀਂ,**
**ਜਿਹੜੀ ਮਿੱਟੀ ਨੇ ਨਹੀਂ ਮੀਂਹਾਂ 'ਚ ਖ਼ਰ ਕੇ ਦੇਖਿਆ।**
**ਜੰਮਣੋਂ ਪਹਿਲਾਂ ਹੀ ਉਹ ਫ਼ਸਲਾਂ ਮਰ ਜਾਵਣ,**
**ਜੇਕਰ ਬੱਦਲ ਜਲ ਥਲ ਆ ਮੂੰਹਜ਼ੋਰ ਕਰੇ।**

ਕਵਿਤਰੀ ਇਸਤਰੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ ਅਤੇ ਬਲਾਤਕਾਰ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦੀ ਹੋਈ ਆਪਣੀਆਂ ਗ਼ਜ਼ਲਾਂ ਵਿੱਚ ਲਿਖਦੀ ਹੈ ਕਿ ਹੁਣ ਕੁੜੀਆਂ ਚਿੜੀਆਂ ਨਹੀਂ ਰਹੀਆਂ। ਉਹ ਬੇਬਸ ਨਹੀਂ ਹਨ। ਉਹ ਜ਼ੁਲਮ ਦੇ ਵਿਰੁੱਧ ਲਾਮਬੰਦ ਹੋ ਕੇ ਆਵਾਜ਼ ਬੁਲੰਦ ਕਰਨਗੀਆਂ-

**ਦੱਸੋ, ਆਵਾਰਾ ਸਾਨ੍ਹਾਂ ਨੂੰ, ਹੁਣ ਕਦ ਨੱਥਾਂ ਪੈਣਗੀਆਂ ?**
**ਕਦ ਤਕ ਬਾਜ਼ਾਂ ਕੋਲੋਂ, ਡਰਦੀਆਂ ਰਹਿਣਗੀਆਂ ?**
**ਕਦ ਤੀਕਰ ਕਲੀਆਂ ਦੀ ਅਸਮਤ ਲੁੱਟੀ ਜਾਵੇਗੀ ?**
**ਨਵੀਆਂ ਨਸਲਾਂ ਆਉਂਦੇ ਕੱਲ੍ਹ ਸਾਨੂੰ ਕੀ ਕਹਿਣਗੀਆਂ ?**

ਚਿੜੀਆਂ ਦਸਮੇਸ਼ੀ ਮਤਾ ਪਕਾਇਆ, ਬਾਜ਼ਾਂ ਸੰਗ ਲੜਨਾ, ਅੱਜ ਦੀਆਂ ਚਿੜੀਆਂ ਹੁਣ ਨਾ, ਜ਼ੁਲਮਾਂ ਤਾਈਂ ਸਹਿਣਗੀਆਂ।

ਸ਼ਾਇਰਾ ਨੇ ਆਪਣੀਆਂ ਕਈ ਗ਼ਜ਼ਲਾਂ ਵਿੱਚ ਸਿਆਸਤਦਾਨਾ ਦੀਆਂ ਆਪਹੁਦਰੀਆਂ ਹਰਕਤਾਂ ਦਾ ਪਰਦਾ ਫਾਸ਼ ਕੀਤਾ ਹੈ। ਰਾਜਨੀਤਕ ਲੋਕਾਂ ਦੇ ਕਿਰਦਾਰਾਂ ਤੇ ਕਿੰਤੂ ਪ੍ਰੰਤੂ ਕਰਦੀ ਸ਼ਾਇਰਾ ਲਿਖਦੀ ਹੈ ਕਿ ਸਿਆਸਤਦਾਨ ਵੋਟਾਂ ਦੀ ਖ਼ਾਤਰ ਡੇਰੇਦਾਰਾਂ ਦੇ ਚਕਰਾਂ ਵਿੱਚ ਪੈ ਕੇ ਵੋਟਾਂ ਵਟੋਰਦੇ ਹਨ ਅਤੇ ਸਰਮਾਏਦਾਰਾਂ ਦੇ ਹੱਥਠੋਕੇ ਬਣ ਗਏ ਹਨ। ਨੌਜਵਾਨੀ ਨੂੰ ਨਸ਼ਿਆਂ ਵਿੱਚ ਲਗਾਉਣ ਦੇ ਉਹ ਜ਼ਿੰਮੇਵਾਰ ਹਨ-

**ਬਣੇ ਮਾਲਿਕ ਜਿੱਤਾਂ ਹਾਰਾਂ ਦੇ, ਦੇਖ ਸਾਧਾਂ ਦੇ ਜੋ ਡੇਰੇ ਨੇ,**
**ਹੁਣ ਸਰਕਾਰੂ ਕੁਝ ਨਹੀਂ ਰਹਿਣਾ, ਅਡਾਨੀਆਂ ਪਾਏ ਘੇਰੇ ਨੇ।**
**ਲੀਡਰ ਪੂਰੀ ਬੋਤਲ ਪੀ ਕੇ, ਪਿੰਡ ਨਸ਼ੇ ਤੋਂ ਮੁਕਤ ਕਰਾ ਗਿਆ।**
**ਉਹ ਬਖ਼ਸ਼ਣ ਦੇ ਕਾਬਿਲ ਨਹੀਂਓਂ, ਜੋ ਸਾਨੂੰ ਚਿੱਟੇ 'ਤੇ ਜੋ ਲਾ ਗਿਆ।**
**ਇਸ ਨੇ ਦਿੱਤੀ ਮਾਰ ਜਵਾਨੀ, ਠੇਕਾ ਪਿੰਡ ਮੇਰੇ ਨੂੰ ਖਾ ਗਿਆ।**

ਡਾ.ਗਿੱਲ ਆਪਣੀਆਂ ਗ਼ਜ਼ਲਾਂ ਵਿੱਚ ਪਿਆਰ ਮੁਹੱਬਤ ਨੂੰ ਘਾਟੇ ਦਾ ਸੌਦਾ ਕਹਿ ਰਹੇ ਹਨ ਕਿਉਂਕਿ ਲੋਕ ਮਖੌਟੇ ਪਾਈ ਫਿਰਦੇ ਹਨ-

ਉਹ ਖ਼ੁਸ਼ਬੂ ਖ਼ੁਸ਼ਬੂ ਹੋ ਜਾਂਦੈ, ਜੋ 'ਮੈਂ' ਨੂੰ ਮਾਰ ਮੁਕਾਉਂਦਾ ਏ।
ਇਸ਼ਕ ਦਾ ਸੌਦਾ ਅਵੱਲਾ, ਨਾ ਨਫ਼ਾ ਹੈ ਏਸ ਵਿੱਚ,
ਜਿਸ ਨੇ ਨਿਹੁੰ ਲਾਇਆ ਵਿਚਾਰਾ ਸ਼ਖ਼ਸ ਹੋ ਬੇਘਰ ਗਿਆ।
ਇਸ਼ਕ ਵੀ ਹੁੰਦਾ ਹੈ ਬੀਮਾਰੀ, ਖਾ ਕੇ ਮਾਰ ਸਮਝ ਵਿੱਚ ਆ ਗਿਆ।
ਪਰਦੇ ਉਹਲੇ ਸ਼ਕਲ ਲੁਕਾਈ ਹੈ ਸਭ ਨੇ,

**ਕਿੰਝ ਪਛਾਣਾਂ, ਖੋਟੇ ਹਨ ਕੌਣ ਖ਼ਰੇ ?**
**ਹੈ ਦਰਿਆ ਅੱਗ ਦਾ ਇਹ ਇਸ਼ਕ ਸੱਚਮੁਚ ਹੀ,**
**ਮਗਰ ਉਤਰਨ ਸਮੇਂ ਕਿਹੜਾ ਵਿਚਾਰਦਾ।**

ਕਵਿਤਰੀ ਲੋਕਾਈ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਮਰਕੱਸੇ ਕਸਣ ਦੀ ਤਾਕੀਦ ਕਰਦੀ ਹੈ। ਹਿੰਮਤ ਅਤੇ ਜਦੋਜਹਿਦ ਕਰਨ ਤੋਂ ਬਿਨਾ ਸਫਲਤਾ ਨਹੀਂ ਮਿਲਦੀ ਇਸ ਲਈ ਉਹ ਲਿਖਦੀ ਹੈ-

**ਬੇਦਰਦੀ ਰੁੱਤ ਹੈ, ਖ਼ੁਦ ਨੂੰ ਇਸਪਾਤ ਬਣਾਉਣਾ ਪੈਣਾ ਏਂ।**
**ਹੁਣ ਸਾਨੂੰ ਹੱਕ ਲੈਣ ਲਈ, ਕੁਝ ਜ਼ੋਰ ਲਗਾਉਣਾ ਪੈਣਾ ਏਂ।**
**ਚੇਤੇ ਰੱਖੀਂ, ਕੱਚੇ ਘਰ ਹੁਣ ਮਹਿਲਾਂ ਨੂੰ ਵੰਗਾਰਨਗੇ,**

ਮਹਿਲਾਂ ਨੂੰ ਇਹਨਾ ਦੇ ਸਿਰ 'ਤੇ, ਤਾਜ ਸਜਾਉਣਾ ਪੈਣਾ ਏਂ।
ਏਥੇ ਤਾਂ ਤਕੜਾ ਮਾੜੇ ਨੂੰ, ਮੁੱਢ ਤੋਂ ਹੀ ਧਮਕਾਉਂਦਾ ਹੈ,
ਹੁਣ ਦਾਤਰ, ਖੁਰਪੇ, ਕਹੀਆਂ ਨੂੰ, ਹਥਿਆਰ ਬਣਾਉਣਾ ਪੈਣਾ ਏਂ।

ਸਚਿਤਰ ਰੰਗਦਾਰ ਮੁੱਖ ਕਵਰ, 104 ਪੰਨਿਆਂ, 86 ਗ਼ਜ਼ਲਾਂ ਅਤੇ 295 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮ:ਐਸ.ਏ.ਐਸ.ਨਗਰ ਮੋਹਾਲੀ/ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ। ਭਵਿਖ ਵਿੱਚ ਕਵਿਤਰੀ ਤੋਂ ਹੋਰ ਵਧੀਆ ਗ਼ਜ਼ਲ ਸੰਗ੍ਰਹਿ ਦੀ ਕਾਮਨਾ ਕੀਤੀ ਜਾ ਸਕਦੀ ਹੈ।

# ਚੋਰਾਂ ਨੂੰ ਮੋਰ




ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866


ਨਸ਼ੱਈਆਂ ਦਾ ਆਪਣਾ ਹੀ ਸੰਸਾਰ ਹੁੰਦਾ ਹੈ। ਨਸ਼ੇ ਦੀ ਪੂਰਤੀ ਲਈ ਇਹ ਕਈ ਤਰ੍ਹਾਂ ਦੇ ਹੱਥਕੰਡੇ ਅਤੇ ਪਾਪੜ ਵੇਲਦੇ ਹਨ। ਨਸ਼ਾ ਮਿਲ ਗਿਆ ਤਾਂ " ਕਾਟੋ ਫੁੱਲਾਂ ਤੇ ਖੇਡਦੀ ਐ " ਸ਼ਬਦ ਇਨ੍ਹਾਂ ਦੇ ਮੂੰਹਾਂ 'ਚੋਂ ਬਧੋ-ਬਧੀ ਨਿਕਲਦੇ ਨੇ। ਨਸ਼ਾ ਨਾ ਮਿਲੇ ਤਾਂ " ਚਿੱਤ ਨ੍ਹੀ ਲੋਟ" ਕਹਿ ਕੇ ਮਰੀਅਲ ਜਿਹੀ ਚੁੱਪ ਇਨ੍ਹਾਂ ਦੇ ਚਿਹਰੇ ਤੇ ਪਸਰ ਜਾਂਦੀ ਹੈ। ਨਸ਼ਿਆਂ ਦੀ ਪੂਰਤੀ ਲਈ ਪੈਸਿਆਂ ਦਾ ਜੁਗਾੜ ਇਹ ਕਿਵੇਂ ਨਾ ਕਿਵੇਂ ਕਰ ਹੀ ਲੈਂਦੇ ਨੇ।" ਬੁੜਾ ਬਿਮਾਰ ਐ, ਦਵਾਈ ਲਿਆਉਣੀ ਐ। " "ਬਟੂਆਂ ਡਿੱਗ ਪਿਆ, ਦਈਂ ਪੰਜ ਕੁ ਸੌ ਰੁਪਈਆ, ਆਥਣ ਨੂੰ ਮੋੜ ਦਊਂ।" " ਜਵਾਕ ਦੀ ਫੀਸ ਭਰਨੀ ਐ, ਕਿਤਾਬਾਂ ਵੀ ਲੈ ਕੇ ਦੇਣੀਆਂ ਨੇ " ਜਿਹੇ ਬਹਾਨਿਆਂ ਦੇ ਜਾਲ ਵਿੱਚ ਕਈ 'ਭਲੇ ਮਾਣਸ' ਫਸ ਵੀ ਜਾਂਦੇ ਹਨ। ਨਹੀਂ ਫਿਰ ਚੋਰੀਆਂ, ਠੱਗੀਆਂ, ਲੁੱਟ-ਖੋਹ ਤਾਂ ਇਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣਿਆ ਹੀ ਹੋਇਆ ਹੈ। ਰਿਸ਼ਤੇਦਾਰ, ਮਿਲਣ-ਗਿਲਣ ਵਾਲੇ ਇਨ੍ਹਾਂ ਤੋਂ ਪਾਸਾ ਵੱਟ ਕੇ ਹੀ ਲੰਘਦੇ ਨੇ। ਲੋਕਾਂ ਨੂੰ ਠੱਗਦੇ-ਠੱਗਦੇ 30-40 ਇਕੱਠੇ ਨਸ਼ੱਈ ਆਪ ਠੱਗੀ ਦਾ ਸ਼ਿਕਾਰ ਹੋ ਗਏ। ਹੋਇਆ ਇੰਜ ਕਿ ਪਿੰਡ ਵਿੱਚ ਇੱਕ ਅਜਨਬੀ ਆਇਆ। ਰੇਕੀ ਕਰਨ ਉਪਰੰਤ ਉਸ ਨੇ ਇੱਕ-ਦੋ ਅਮਲੀਆਂ ਨਾਲ ਸੰਪਰਕ ਕੀਤਾ। ਉਨ੍ਹਾਂ ਨੂੰ ਦੱਸਿਆ ਕਿ ਪਰਸੋਂ ਨੂੰ ਮੇਰਾ ਦੋਸਤ ਰਾਜਸਥਾਨ ਤੋਂ 'ਅਸਲੀ ਭੁੱਕੀ' ਲੈ ਕੇ ਆਵੇਗਾ। ਜਿਹਨੇ- ਜਿਹਨੇ ਲੈਣੀ ਐ, ਆਪਣੇ ਪੈਸੇ ਇਕੱਠੇ ਕਰ ਲਵੋ। ਮਾਲ ਇੱਕ ਨੰਬਰ ਦਾ ਹੋਵੇਗਾ। 5000 ਰੁਪਏ ਕਿੱਲੋ ਦੇ ਹਿਸਾਬ ਨਾਲ ਪੈਸੇ ਲੱਗਣਗੇ। ਕਿੱਲੋ ਕੁ ਭੁੱਕੀ ਉਹ ਆਪਣੇ ਨਾਲ ਵੀ ਲਿਆਇਆ ਸੀ। ਅਮਲੀਆਂ ਨੂੰ ਨਮੂਨੇ ਵਜੋਂ ਥੋੜ੍ਹੀ-ਥੋੜ੍ਹੀ ਭੁੱਕੀ ਦਿੰਦਿਆਂ ਕਿਹਾ, " ਬੱਸ, ਇਹਦੇ ਨਾਲ ਦਾ ਮਾਲ ਐ।" ਅਮਲੀਆਂ ਦੀ ਪਰਖ਼ ਕਸਵੱਟੀ ਤੇ ਮਾਲ ਖਰਾ ਉੱਤਰਿਆਂ ਅਤੇ ਉਨ੍ਹਾਂ ਨੇ ਹੀ 'ਖਰੇ ਮਾਲ' ਹੋਣ ਦਾ ਪ੍ਰਚਾਰ ਕਰਨ ਵਿੱਚ ਕੋਈ ਕਸਰ ਨਾ ਛੱਡੀ। ਉਨ੍ਹਾਂ ਨੇ ਸਿਰਫ ਪਿੰਡ ਦੇ ਅਮਲੀਆਂ ਨੂੰ ਹੀ ਸੂਚਨਾ ਨਹੀਂ ਦਿੱਤੀ, ਸਗੋਂ ਨੇੜੇ ਲੱਗਦੇ ਦੋ-ਤਿੰਨ ਪਿੰਡਾਂ ਦੇ ਅਮਲੀਆਂ ਨੂੰ ਵੀ ਸੁਨੇਹੇ ਲਾ ਦਿੱਤੇ। ਆਏ ਹੋਏ ਬੰਦੇ ਨਾਲ ਇਹ ਵੀ ਫੈਸਲਾ ਹੋ ਗਿਆ ਕਿ ਪੁਲੀਸ ਦੇ ਡਰ ਕਾਰਨ ਪਿੰਡ ਵਿੱਚ ਨਹੀਂ ਸਗੋਂ ਪਿੰਡ ਦੇ ਇੱਕ ਪਾਸੇ ਭੱਠੇ ਤੇ ਸਾਰੇ ਅਮਲੀ ਪਰਸੋਂ ਨੂੰ ਦੁਪਹਿਰ 12 ਕੁ ਵਜੇ ਆਪਣੇ-ਆਪਣੇ ਪੈਸੇ ਲੈ ਕੇ ਪੁੱਜ ਜਾਣਗੇ। ਉਧਾਰ ਦੀ ਕੋਈ ਗੁੰਜਾਇਸ਼ ਨਹੀਂ ਹੋਵੇਗੀ। ਅਮਲੀਆਂ ਨੇ ਆਪਣੀ ਭਾਸ਼ਾ ਵਿੱਚ ," ਪਰਸੋਂ ਨੂੰ 12 ਵਜੇ ਭੱਠੇ ਤੇ ਜਹਾਜ ਉੱਤਰੇਗਾ " ਦਾ ਸੁਨੇਹਾ ਮੋਬਾਇਲ ਫੋਨਾਂ ਰਾਹੀਂ ਪਹੁੰਚਾ ਦਿੱਤਾ। ਅਮਲੀ ਪੈਸਿਆਂ ਦਾ ਜੁਗਾੜ ਫਿੱਟ ਕਰਕੇ ਵਿਆਹ ਵਾਲੇ ਦਿਨ ਵਾਂਗ ਨਿਸ਼ਚਿਤ ਸਮੇਂ ਦੀ ਉਡੀਕ ਕਰਨ ਲੱਗੇ। ਮਿੱਥੇ ਸਮੇਂ ਤੋਂ ਘੰਟਾ ਕੁ ਪਹਿਲਾਂ ਹੀ ਬੰਨ੍ਹ-ਸੁੱਬ ਕਰਕੇ ਅਮਲੀ ਪਹੁੰਚ ਗਏ। ਵਿਚੋਲਾ ਵੀ ਉਨ੍ਹਾਂ ਦੇ ਨਾਲ ਹੀ ਸੀ। ਮਿੱਥੇ ਸਮੇਂ ਤੇ ਭੁੱਕੀ ਵਾਲਾ ਵਿਅਕਤੀ ਮੋਟਰਸਾਈਕਲ ਤੇ ਪਹੁੰਚ ਗਿਆ। ਮੋਟਰਸਾਈਕਲ ਦੇ ਦੋਨੋਂ ਪਾਸੀਂ ਦੁੱਧ ਦੇ ਢੋਲਾਂ ਵਾਂਗ ਬੋਰੀਆਂ ਲਟਕ ਰਹੀਆਂ ਸਨ। ਉਸ ਨੇ ਆਉਂਦਿਆਂ ਹੀ ਦੋ ਟੁੱਕ ਗੱਲ ਕੀਤੀ," ਰਾਜਸਥਾਨ ਤੋਂ ਸਿੱਧਾ ਇੱਥੇ ਪਹੁੰਚਿਆਂ, ਖਰਾ ਮਾਲ ਐ, ਕਿੱਲੋ ਤੇ ਦੋ ਕਿੱਲੋ ਦੇ ਪੈਕਟ ਨੇ। ਪੈਸੇ ਕੱਢੋ ਤੇ ਮਾਲ ਲੈ ਕੇ ਤੁਰਦੇ ਬਣੋ। ਮੇਰੇ ਮਗਰ ਪੁਲੀਸ ਲੱਗੀ ਹੋਈ ਐ। ਨਾਲ ਤੁਸੀਂ ਵੀ ਨਾ ਰਗੜੇ ਜਾਇਓ। " ਵਿਚੋਲਾ ਅਮਲੀਆਂ ਤੋਂ ਪੈਸੇ ਇਕੱਠੇ ਕਰਦਾ ਰਿਹਾ ਅਤੇ ਉਹ ਲਏ ਪੈਸਿਆਂ ਅਨੁਸਾਰ ਕਿੱਲੋ, ਦੋ ਕਿੱਲੋ ਦੇ ਪੈਕੇਟ ਵੰਡਦਾ ਰਿਹਾ। ਕਈਆਂ ਨੇ ਤਾਂ ਲਿਹਾਜ਼ਦਾਰੀ ਪੂਰਨ ਲਈ ਦੂਰ ਬੈਠੇ ਰਿਸ਼ਤੇਦਾਰਾਂ ਲਈ ਵੀ ਦੋ-ਦੋ ਪੈਕੇਟ ਖਰੀਦ ਲਏ। ਗਰਮ ਜਲੇਬੀਆਂ ਦੀ ਤਰ੍ਹਾਂ ਮਾਲ ਹੱਥੋਂ ਹੱਥੀਂ ਵਿਕ ਗਿਆ। ਅੰਦਾਜ਼ਨ ਪੰਜ ਕੁ ਲੱਖ ਵੱਟ ਕੇ ਭੁੱਕੀ ਵੇਚਣ ਵਾਲਾ ਵਿਚੋਲੇ ਨੂੰ ਮੋਟਰਸਾਈਕਲ ਤੇ ਨਾਲ ਬਿਠਾ ਕੇ ਪੱਤਰਾ ਵਾਚ ਗਿਆ। ਅਮਲੀ ਬੜੇ ਚਾਅ ਨਾਲ ਚੱਕਵੇਂ ਪੈਰੀਂ ਘਰਾਂ ਨੂੰ ਇੰਜ ਜਾ ਰਹੇ ਸਨ, ਜਿਵੇਂ ਉਨ੍ਹਾਂ ਨੂੰ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਹਰ ਇੱਕ ਦੀ ਇਹੋ ਇੱਛਾ ਸੀ ਕਿ ਘਰ ਜਾ ਕੇ ਇਸ 'ਸ਼ੁੱਧ ਮਾਲ' ਦਾ ਸਵਾਦ ਵੇਖ ਕੇ ਨਜ਼ਾਰਾ ਲੈਣੈ। ਘਰ ਜਾ ਕੇ ਜਦੋਂ ਉਨ੍ਹਾਂ ਨੇ ਪੈਕੇਟ ਖੋਲ੍ਹੇ ਤਾਂ ਉਨ੍ਹਾਂ ਦੀ ਹਾਲਤ ਰੋਣ ਹੱਕੀ ਹੋ ਗਈ। ਪੈਕੇਟਾਂ ਵਿੱਚ ਲੱਕੜ ਦਾ ਬੂਰਾ, ਮੂੰਗਫਲੀ ਦੇ ਛਿਲਕੇ, ਊਂਠ ਦੇ ਲੇਡਿਆਂ ਦੀ ਲਿੱਦ, ਪਸ਼ੂਆਂ ਵਾਲੀ ਫੀਡ, ਪੀਸਿਆ ਹੋਇਆ ਸੁੱਕਾ ਕੱਦੂ, ਮੂੰਗਫਲੀ ਦੇ ਪੀਸੇ ਹੋਏ ਛਿਲਕੇ, ਆਟੇ ਦਾ ਛਾਣਸ ਅਤੇ ਉੱਪਰ ਇੰਜ ਭੁੱਕੀ ਦੇ ਛਿਲਕੇ ਖਿੰਡਾਏ ਹੋਏ ਸਨ, ਜਿਵੇਂ ਹਲਵਾਈ ਗਾਹਕ ਖਿੱਚਣ ਲਈ ਮਿਠਾਈ ਤੇ ਕਾਜੂ-ਬਦਾਮ ਲਾ ਦਿੰਦਾ ਹੈ। ਉਨ੍ਹਾਂ ਸਾਰਿਆਂ ਦੀ ਹਾਲਤ ਮਰੇ ਹੋਏ ਕੁੱਤੇ ਵਰਗੀ ਸੀ। ਉਹ ਇੱਕ-ਦੂਜੇ ਨੂੰ ਮੂੰਹ ਲਟਕਾਈਂ ਇੰਜ ਮਿਲ ਰਹੇ ਸਨ, ਜਿਵੇਂ ਭਰੇ ਮੇਲੇ ਵਿੱਚ ਜੇਬ ਕੱਟੀ ਗਈ ਹੋਵੇ। ਅੰਤਾਂ ਦੀ ਮਾਯੂਸੀ ਵਿੱਚ ਉਹ ਇੱਕ-ਦੂਜੇ ਨੂੰ ਕਹਿ ਰਹੇ ਸਨ, " ਜਿਹੋ-ਜਿਹੀ ਆਪਣੇ ਨਾਲ ਬਣੀ ਐ, ਇਹੋ-ਜਿਹੀ ਤਾਂ ਖੇਤ ਪਏ ਗਧੇ ਨਾਲ ਨਾ ਹੋਵੇ। ਇਹ ਤਾਂ ਸਾਡੇ ਨਾਲ ਜੱਗੋਂ ਤੇਰਵੀਂ ਹੋ ਗਈ। " ਉਨ੍ਹਾਂ ਦੇ ਗੰਮਗੀਨ ਚਿਹਰੇ ਰੋਣ ਹਾਕੀ ਹਾਲਤ ਵਿੱਚ ਸਨ।














SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

broadview HOMES
A QUALICO Company

ਰੈਡਸਟੋਨ ਵਿੱਚ ਸਪੈਕ ਹੋਮ
ਵਿਕਾਊ ਹਨ !!!

SCAN ME

ਅਹਿ ਕਿਊ ਆਰ ਕਲਿੱਕ ਕਰਕੇ ਘਰਾਂ
ਦੀ ਉਪਲੱਬਧੀ ਦੇਖ ਸਕਦੇ ਹੋ !!!

ਤਿਆਰ ਹੋਏ ਘਰਾਂ ਵਿੱਚ ਮੂਵ ਹੋਵੋ

ਕਿਰਾਏ ਦੀਆਂ ਵਧਦੀਆਂ ਕੀਮਤਾਂ ਦੇ ਨਾਲ, ਬ੍ਰੌਡਵਿਊ ਹੋਮਸ ਤੁਹਾਨੂੰ ਮੌਜੂਦਾ ਵਿਆਜ ਦਰਾਂ 'ਤੇ ਹੁਣੇ ਉਪਲਬਧ ਮੂਵ-ਇਨ ਤਿਆਰ ਘਰਾਂ ਦੇ ਨਾਲ ਮਨ ਦੀ ਸ਼ਾਂਤੀ ਦਿਵਾਏਗਾ!!

ਰੈਡਸਟੋਨ ਕਮਿਓਨਿਟੀ ਵਿੱਚ
ਥੋੜੇ ਜਿਹੇ ਘਰ ਹੀ ਬਾਕੀ ਹਨ !



Broadview Homes Calgary
• Contact Jason in Redstone at 403-978-1002
www.broadviewhomescalgary.com

A1 DUCT & FURNACE CLEANING LTD.
We do Cleaning & Repair

ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !

ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ

ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।

ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ




Ambleton
A Qualico Community
ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $400s ਤੱਕ
ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $600s ਤੋਂ ਸ਼ੁਰੂ
ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ
ਕੈਲਗਰੀ ਦਾ ਨਵਾਂ ਨਾਰਥ ਏਰੀਆ
ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ!
liveinambleton.com
24 St NW
14 St NW
144 Ave NE
Evanston Dr NW
Symons Valley Pkwy NW
Stoney Trail NW
ਐੰਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐੰਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ
1200 ਤੋਂ ਜਿਆਦਾ ਘਰ
8 ਫੇਸ ਹਨ
7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


DAWSON'S LANDING
TERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ।ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ,ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਵਾਂ ਹਨ,ਜਿਵੇਂ ਸਕੂਲ,ਪਾਰਕ,ਸਾਪਿੰਗ ਸੈਂਟਰ,ਓਤੇ ਹੋਰ ਬਹੁਤ ਕੁੱਝ।ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸਦੇ ਆਸਪਾਸ ਵਾਲੇ ਨਾਮਵਰ ਬਿਲਡਿਰਾਂ ਵੱਲੋਂ ਬਣਾਏ ਜਾ ਰਹੇ ਹਨ।ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ।ਚੈਸਟਰਮੀਅਰ ਵਿੱਚ ਡਾਵਸਨ ਦੀ ਲੈਂਡਿੰਗ ਦਾ ਕੁਆਲਿਕੋ ਕਮਿਊਨਿਟੀਜ਼ ਡਿਵੈਲਪਮੈਂਟ ਕੈਨੇਡਾ ਅਤੇ ਵਿਸ਼ਵ ਵਿੱਚ ਸਟੋਰਮ ਵਾਟਰ ਕਿਡਨੀ ਨੂੰ ਲਾਗੂ ਕਰਨ ਵਾਲਾ ਪਹਿਲਾ ਰਿਹਾਇਸ਼ੀ ਵਿਕਾਸ ਹੈ। TM
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
22 ਮਿੰਟ ਦੀ ਡਰਾਈਵ ਕੈਲਗਰੀ ਡਾਊਨਟਾਊਨ ਤੱਕ
4 ਮਿੰਟ ਦੀ ਡਰਾਈਵ ਐਨੀਵਰਸਿਰੀ ਪਾਰਕ ਤੱਕ
DUPLEX HOMES FROM THE MID $400s
LANED HOMES FROM THE LOW $500s
FRONT GARAGE FROM THE HIGH $600s
Stormwater Kidney™ Pathway System
Trans-Canada Highway 5 minutes
Chestermere Blvd
Chestermere Lake 4 minutes
Stoney Trail 5 minutes
Rainbow Rd
Glenmore Trail 5 minutes
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Calgary
ONWARD
ਨਾ ਨੀਲੇ, ਨਾ ਕਾਲੇ ਵਿੱਚ ਤੇ ਨਾ ਹੀ ਹਰੇ ਰੰਗ ਦੇ ਬਿਨ ਵਿੱਚ; ਰੰਗ ਵਾਲੇ ਡੱਬੇ ਕਿਸੇ ਬਿਨ ਵਿੱਚ ਨਾ ਸੁੱਟੋ!
ਆਓ,
ਵਧੀਆ ਰੀਸਾਈਕਲਰ ਬਣੀਏ!
ਘਰੇਲੂ ਰਸਾਇਣਾਂ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰਨ ਲਈ ਪੇਂਟ ਕੈਨਾਂ ਨੂੰ ਇੱਕ ਮਨੋਨੀਤ ਫਾਇਰ ਹਾਲ ਜਾਂ ਸਿਟੀ ਲੈਂਡਫਿਲ ਵਿੱਚ ਲੈ ਜਾਓ
calgary.ca/TheRecyclers
21-0011510 - ADV-14895

# ਜੇ ਮੈਂ ਮੁੱਖ ਮੰਤਰੀ ਬਣ ਕੇ ਆਈ ਤਾਂ ਇੰਜੀਨੀਅਰ, ਨਰਸਾਂ ਅਤੇ ਡਾਕਟਰ ਜਿਹੜੇ ਦੂਜੇ ਮੂਲਕਾਂ ਤੋਂ ਇੱਥੇ ਆਏ ਹਨ, ਉਹਨਾਂ ਵੱਲ ਧਿਆਨ ਦੇਵਾਂਗੀ-ਰਾਜਨ ਸਾਹਨੀ

ਕੈਨੇਡਾ ਦੇ ਸੂਬੇ ਅਲਬਰਟਾ ਦੀ ਸੱਤਧਾਰੀ ਧਿਰ ਯੂਨਾਈਟਿਡ ਕੰਜ਼ਰਵਟਿਵ ਪਾਰਟੀ ਦੇ ਲੀਡਰ ਦੀ ਚੋਣ 6 ਅਕਤੂਬਰ ਨੂੰ ਹੋਣ ਜਾ ਰਹੀ ਹੈ ਜਿਸਦਾ ਮਤਲਬ ਹੈ ਕਿ ਜੋ ਵੀ ਉਮੀਦਵਾਰ ਇਹ ਚੋਣ ਜਿੱਤਦਾ ਹੈ ਤਾਂ ਉਹ ਅਗਲੇ ਸਾਲ ਹੋਣ ਵਾਲੀਆਂ ਸੂਬਾਈ ਚੋਣਾਂ ਤੱਕ ਅਲਬਰਟਾ ਦਾ ਪ੍ਰੀਮੀਅਰ ਬਣ ਜਾਵੇਗਾ ਅਤੇ ਨਾਲ ਹੀ ਅਗਲੀਆਂ ਚੋਣਾਂ 'ਚ ਪਾਰਟੀ ਦੀ ਅਗਵਾਈ ਵੀ ਕਰੇਗਾ ਅਤੇ ਜੇਕਰ ਪਾਰਟੀ ਆਮ ਚੋਣਾਂ ਜਿੱਤ ਜਾਂਦੀ ਹੈ ਤਾਂ ਫਿਰ ਤੋਂ ਪ੍ਰੀਮੀਅਰ ਵੀ ਬਣੇਗਾ। ਕੁੱਲ 7 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਤੇ ਉਨ੍ਹਾਂ ਦੇ ਵਿੱਚ ਆਪਣੀ ਪੰਜਾਬਣ ਧੀ, ਰਾਜਨ ਸਾਹਨੀ ਵੀ ਕਿਸਮਤ ਅਜ਼ਮਾਈ ਕਰ ਰਹੀ ਹੈ। ਜਿਸ ਵਾਸਤੇ ਉਨ੍ਹਾਂ ਵੱਲੋਂ ਲਗਾਤਾਰ ਕਮਿਊਨਿਟੀਆਂ ਵਿੱਚ ਜਾ ਜਾ ਕੇ ਆਪਣੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਆਪਣੀਆਂ ਨੀਤੀਆਂ ਸਮਝਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬੀ ਅਖ਼ਬਾਰ ਦੇ ਦਫਤਰ ਪਹੁੰਚੀ ਰਾਜਨ ਸਾਹਨੀ ਨੇ ਅਖ਼ਬਾਰ ਦੇ ਸਹਾਇਕ ਸੰਪਾਦਕ ਸੁਖਜਿੰਦਰ ਸਿੰਘ ਸਮਰਾ ਨਾਲ ਗੱਲਬਾਤ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ।ਪੇਸ਼ ਹਨ ਇਸ ਗੱਲਬਾਤ ਦੇ ਕੁਝ ਅਹਿਮ ਅੰਸ਼




ਅਲਬਰਟਾ ਸੂਬੇ ਅੰਦਰ ਯੁਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿੱਪ ਰੇਸ ਦੇ ਆਖਿਰੀ ਦਿਨਾਂ ਦੌਰਾਨ ਪੰਜਾਬੀ ਮੂਲ ਦੀ ਉਮੀਂਦਵਾਰ ਰਾਜਨ ਸਾਹਨੀ, ਕੈਲਗਰੀ ਮੁੱਖ ਦਫਤਰ ਵਿਖੇ ਪੰਜਾਬੀ ਅਖ਼ਬਾਰ ਦੇ ਸਹਾਇਕ ਸੰਪਾਦਕ ਸੁਖਜਿੰਦਰ ਸਿੰਘ ਸਮਰਾ ਨਾਲ ਗੱਲਬਾਤ ਕਰਦੇ ਹੋਏ।

**ਲੋਕਾਂ ਦਾ ਰਿਸਪਾਂਸ ਕੀ ਹੈ ? ਵੋਟਿੰਗ ਵਾਲੇ ਦਿਨ ਨੇੜੇ ਆਉਣ ਵਾਲਾ ਤੇ ਐਡਵਾਂਸ ਵੋਟਿੰਗ ਵੀ ਚੱਲ ਰਹੀ ਹੈ ਤੁਸੀਂ ਵੋਟਰਾਂ ਨੂੰ ਨਾਲ ਜੋੜਨ ਲਈ ਆਪਣੀਆਂ ਕਿਹੜੀਆਂ ਨੀਤੀਆਂ ਦਾ ਜ਼ਿਕਰ ਕਰਦੇ ਹੋ, ਤਾਂ ਕਿ ਉਹ ਤੁਹਾਨੂੰ ਵੋਟ ਪਾਉਣ ?**

ਰਾਜਨ ਸਾਹਨੀ : ਲੋਕਾਂ ਦਾ ਰਿਸਪਾਂਸ ਬਹੁਤ ਵਧੀਆਂ ਹੈ।ਹਰ ਕਮਿਓਨਿਟੀ ਦੇ ਲੋਕ ਮੇਰੀ ਮੱਦਦ ਉੱਪਰ ਅੱਗੇ ਆ ਰਹੇ ਹਨ। ਮੇਰੀ ਵੈਬ ਸਾਈਟ ਉੱਪਰ ਵੀ ਇਹ ਸਾਰਾ ਕੁੱਝ ਉਪਲੱਬਧ ਹੈ ਪਰ ਫਿਰ ਵੀ ਮੈਂ ਦੱਸਣਾ ਚਾਹੁੰਦੀ ਹਾਂ ਕਿ ਹੈਲਥ ਪਾਲਿਸੀ ,ਐਨਰਜੀ ਪਾਲਿਸੀ ਐਗਰੀਕਲਚਰ ਪਾਲਿਸੀ, ਇਨਫਰਾਸਟਰਕਚਰ ਪਾਲਿਸੀ ਆਦਿ ਮੁੱਖ ਮੁੱਦੇ ਹਨ ਜੋ ਮੈਂ ਲੋਕਾਂ ਵਿੱਚ ਲੈਕੇ ਜਾ ਰਹੀ ਹਾਂ , ਪਰ ਹੁਣ ਮੈਨੂੰ ਇਹ ਵੀ ਪਤਾ ਲੱਗਾ ਹੈ ਕਿ ਜੋ ਹੈਲਥ ਪਾਲਿਸੀ ਮੈਂ ਤਿਆਰ ਕੀਤੀ ਸੀ ਉਸ ਨੂੰ ਸਾਰਿਆਂ ਵੱਲੋਂ ਹੀ ਵਧੀਆ ਮੰਨਿਆ ਜਾ ਰਿਹਾ ਹੈ। ਮੈਂ ਭਵਿੱਖ ਵਿੱਚ ਵੀ ਇਸ ਸਬੰਧੀ ਡਾਕਟਰਾਂ ਅਤੇ ਸਿਹਤ ਮਾਹਿਰਾਂ ਨਾਲ ਗੱਲਬਾਤ ਕਰਕੇ ਹੀ ਇਸ ਨੂੰ ਅੱਗੇ ਲੈਕੇ ਜਾਵਾਂਗੀ।ਇਹ ਪਾਲਿਸੀ ਲਿਖਣ ਵੇਲੇ ਵੀ ਮੈਂ ਡਾਕਟਰਾਂ ਨਾਲ ਗੱਲ ਕਰਕੇ ਅਤੇ ਉਨ੍ਹਾਂ ਦੀ ਸਲਾਹ ਲੈ ਕੇ ਹੀ ਮੈਂ ਸਭ ਕੁੱਝ ਲਿਖਿਆ ਸੀ।

**ਜਦੋਂ ਹੁਣ ਅਲਬਰਟਾ ਸੂਬੇ ਵੱਲੋਂ ਹੈਲਥ ਸੈਕਟਰ ਲਈ ਵਾਧੂ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ , ਇਸ 750 ਮਿਲੀਅਨ ਡਾਲਰ ਦੀ ਫੰਡਿੰਗ ਨੂੰ ਕਿਸ ਨਜ਼ਰੀਏ ਤੋਂ ਦੇਖਦੇ ਹੋ ? ਜੇ ਤੁਸੀਂ ਸੱਤਾ ਦੇ ਵਿੱਚ ਆਉਂਦੇ ਹੋ ਖਾਸ ਕਰਕੇ ਹੈਲਥ ਸੈਕਟਰ ਵਾਸਤੇ ਕੀ ਕੁੱਝ ਕਰੋਗੇ ?**

ਰਾਜਨ ਸਾਹਨੀ : ਮੈਂ ਲਿਖਿਆ ਹੈ ਕਿ ਅਸੀਂ ਹੁਣ ਜੋ ਨਵੀਆਂ ਪਾਲਸੀਆਂ ਅੱਗੇ ਲਿਆਵਾਂਗੇ, ਡਾਕਟਰ ਨਾਲ ਗੱਲ ਕਰਕੇ ਹੀ ਉਹਨਾਂ ਨੂੰ ਲਾਗੂ ਕਰਾਂਗੇ। ਪਰ ਜਿਹੜਾ ਹੁਣ ਕੰਮ ਹੈਲਥ ਮਨਿਸਟਰ ਨੇ ਕੀਤਾ ਹੈ, ਇਹ ਵਧੀਆ ਕੰਮ ਹੈ। ਕੰਟਰੈਕਟ ਸਾਈਨ ਹੋ ਚੁੱਕੇ ਹਨ। ਜਿਵੇਂ ਪ੍ਰਾਇਮਰੀ ਕੇਅਰ ਨੈੱਟਵਰਕ ਵਿੱਚ ਵੀ ਇਨਵੈਸਟਮੈਂਟ ਹੋ ਰਹੀ ਹੈ। ਜਿਹੜੇ ਛੋਟੇ ਛੋਟੇ ਪਿੰਡ ਹਨ ਉੱਥੇ ਵੀ ਇਨਸੈਟਿਵ ਪ੍ਰੋਗਰਾਮ ਬਣਾਏ ਗਏ ਹਨ। ਪਰ ਅਜੇ ਵੀ ਇਸ ਖੇਤਰ ਵਿੱਚ ਹੋਰ ਕੰਮ ਕਰਨਾ ਹੈ ਕਿਉਂਕਿ ਜਿਹੜੇ ਸਾਡੇ ਫੈਮਿਲੀ ਡਾਕਟਰ ਹਨ , ਉਹ ਕਹਿੰਦੇ ਹਨ ਕਿ ਕੋਵਿਡ ਦੌਰਾਨ ਸਾਡੀ ਆਮਦਨ ਤਾਂ ਬਹੁਤ ਘੱਟ ਗਈ ਹੈ । ਸੋ ਇਸ ਬਾਰੇ ਮੈਂ ਉਨ੍ਹਾਂ ਨਾਲ ਗੱਲ ਕਰਾਂਗੀ ਉਨ੍ਹਾਂ ਨੂੰ ਪੁੱਛਾਂਗੀ ਵੀ ਕਿ ਤੁਹਾਨੂੰ ਕੀ ਮੱਦਦ ਚਾਹੀਦੀ ਹੈ । ਅਲਬਰਟਾ ਵਿੱਚ ਫੈਮਿਲੀ ਡਾਕਟਰਾਂ ਦੀ ਬਹੁਤ ਕਮੀ ਹੈ ਸੋ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

**ਡਾਕਟਰਾਂ ਦੇ ਨਾਲ ਨਾਲ ਹੈਲਥ ਕੇਅਰ ਵਰਕਰਾਂ ਦੀ ਵੱਡੀ ਘਾਟ ਦੇਖਣ ਨੂੰ ਮਿਲ ਰਹੀ ਹੈ। ਜੇਕਰ ਅੰਤਰਰਾਸ਼ਟਰੀ ਟਰੇਨਿੰਗ ਪ੍ਰਾਪਤ ਨਰਸਾਂ ਨੂੰ ਮੌਕਾ ਦਿੱਤਾ ਜਾਵੇ ਤਾਂ ਇਹ ਕਮੀ ਪੂਰੀ ਹੋ ਸਕਦੀ ਹੈ,ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?**

ਰਾਜਨ ਸਾਹਨੀ : ਤੁਸੀਂ ਬਿਲਕੁੱਲ ਠੀਕ ਕਹਿ ਰਹੇ ਹੋ ।ਇਸਦੇ ਬਾਰੇ ਮੈਂ ਬਹੁਤ ਸੋਚਿਆ ਹੈ। ਪਰ ਅਸੀਂ ਜਾਣਦੇ ਹਾਂ ਕਿ ਇੱਥੇ ਬਹੁਤ ਸਾਰੀ ਲੇਬਰ ਦੀ ਘਾਟ ਚੱਲ ਰਹੀ ਹੈ ਬਲਕਿ ਪੂਰੀ ਦੁਨੀਆਂ ਵਿੱਚ ਇਹ ਘਾਟ ਪਾਈ ਜਾ ਰਹੀ ਹੈ। ਪਰ ਸਾਡੇ ਇੱਥੇ ਮੈਡੀਕਲ ਦੇ ਖੇਤਰ ਵਿੱਚ ਸਿੱਖਿਆ ਪ੍ਰਾਪਤ ਬਹੁਤ ਸਾਰੇ ਇਮੀਗ੍ਰੈਂਟਸ ਆਏ ਹਨ ਪਰ ਇੱਥੇ ਆਕੇ ਉਹਨਾਂ ਦੇ ਕਿੱਤੇ ਨੂੰ ਮਾਨਤਾ ਨਹੀਂ ਮਿਲੀ ।ਮੈਂ ਵਾਅਦਾ ਕਰਦੀ ਆਂ ਕਿ ਜੇ ਮੈਂ ਮੁੱਖ ਮੰਤਰੀ ਬਣ ਕੇ ਆਈ ਤਾਂ ਇੰਜੀਨੀਅਰ, ਨਰਸਾਂ ਅਤੇ ਡਾਕਟਰ ਜਿਹੜੇ ਦੂਜੇ ਮੂਲਕਾਂ ਤੋਂ ਇੱਥੇ ਆਏ ਹਨ ਸਾਨੂੰ ਉਹਨਾਂ ਦੀ ਲੋੜ ਹੈ ਅਤੇ ਮੈਂ ਇਸ ਵੱਲ ਧਿਆਨ ਦੇਵਾਂਗੀ।

**ਵਿਰੋਧੀ ਧਿਰਾਂ ਵਿੱਚੋਂ ਇੱਕ ਉਮੀਦਵਾਰ ਡੈਨੀਅਲ ਸਮਿੱਥ ਪਿਛਲੇ ਦਿਨੀਂ ਨੌਰਥ ਈਸਟ ਕੈਲਗਰੀ ਵਿੱਚ ਸਨ ਤੇ ਤੁਹਾਡੇ ਨਾਂ ਦਾ ਉਹਨਾਂ ਨੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ ਤੁਸੀਂ ਪਹਿਲੇ ਨੰਬਰ ਤੇ ਰਾਜਨ ਨੂੰ ਵੋਟ ਪਾ ਦਿਓ ਪਰ ਦੂਜਾ ਮੈਨੂੰ ਰੱਖ ਲਿਓ, ਇਸ ਬਾਰੇ ਤੁਸੀਂ ਕਿਵੇਂ ਸੋਚਦੇ ਹੋ ?**

ਰਾਜਨ ਸਾਹਨੀ : (ਹੱਸਦੇ ਹੋਏ ) ਮੈਂ ਵੀ ਇਸ ਤਰ੍ਹਾਂ ਕਰਦੀ ਹਾਂ ਕਿ ਜੇ ਤੁਸੀਂ ਕਿਸੇ ਹੋਰ ਨੇ ਵੋਟ ਦਿੰਦੇ ਹੋ ਤਾਂ ਅਤੇ ਦੂਜੇ ਨੰਬਰ ਉੱਪਰ ਮੈਨੂੰ ਰੱਖੋ। ਡੈਨੀਅਲ ਸਮਿੱਥ ਨਾਲ ਸਾਡੇ ਸਿਧਾਂਤਕ ਵਿਚਾਰ ਅਲੱਗ ਹੋ ਸਕਦੇ ਹਨ ਪਰ ਪਾਰਟੀ ਤਾਂ ਇੱਕ ਹੀ ਹੈ। ਭਵਿੱਖ ਵਿੱਚ ਅਸੀਂ ਸਾਰਿਆਂ ਨੇ ਰਲ ਮਿਲਕੇ ਹੀ ਕੰਮ ਕਰਨਾ ਹੈ। ਜੇ ਡੈਨੀਅਨ ਅਜਿਹਾ ਆਖਦੀ ਹੈ ਤਾਂ ਚੰਗੀ ਗੱਲ ਹੈ। ਡੈਨੀਅਲ ਸਮਿੱਥ ਨੇ ਇਹ ਵੀ ਮੰਨਿਆ ਹੈ ਕਿ ਰਾਜਨ ਨੇ ਉਸ ਨੂੰ ਤਕੜੀ ਟੱਕਰ ਦਿੱਤੀ ਹੈ। ਇਹ ਟੱਕਰ ਦੇਣਾ ਮੇਰਾ ਹੱਕ ਹੈ।ਉਸਦੀਆਂ ਪਾਲਿਸਆਂ ਦਾ ਵਿਰੋਧ ਮੈਂ ਨਹੀਂ ਕਰਾਂਗੀ ਤਾਂ ਹੋਰ ਕੌਣ ਕਰੇਗਾ।

**ਨਸਲੀ ਵਿਤਕਰੇ ਅਤੇ ਅਲਬਰਟਾ ਨੂੰ ਸੰਪੂਰਣ ਪ੍ਰਭੁਸੱਤਾ ਵਾਲੇ ਮਸਲੇ ਉੱਪਰ ਤੁਸੀਂ ਡੈਨੀਅਲ ਸਮਿੱਥ ਜਾਂ ਬਾਕੀ ਦੇ ਵਿਰੋਧੀ ਉਮੀਂਦਵਾਰਾਂ ਨੂੰ ਕਿਸ ਤਰਾਂ ਦੇਖਦੇ ਹੋ?**

ਰਾਜਨ ਸਾਹਨੀ : ਅਲਬਰਟਾ ਨੂੰ ਸੰਪੂਰਣ ਪ੍ਰਭੁਸੱਤਾ ਵਾਲੇ ਮਸਲੇ ਉੱਪਰ ਮੈਂ ਕਾਫ਼ੀ ਕੁੱਝ ਪਹਿਲਾਂ ਵੀ ਕਿਹਾ ਹੈ ਕਿ ਇਸ ਨਾਲ ਸੰਵਿਧਾਨਿਕ ਉਲਝਣਾ ਪੈਦਾ ਹੁੰਦੀਆਂ ਹਨ ਕਨੇਡਾ ਨਾਲੋਂ ਅਲੱਗ ਹੋਣ ਵਾਰੇ ਮੇਰੇ ਤੋਂ ਬਿਨਾ ਕੈਨੀ ਸਾਹਿਬ ਵੀ ਕਾਫੀ ਕੁੱਝ ਕਹਿ ਚੁੱਕੇ ਹਨ ਸੋ ਮੈਂ ਤਾਂ ਇਸ ਦੇ ਹੱਕ ਵਿੱਚ ਨਹੀਂ ਹਾਂ ਪਰ ਜਿਹੜੀ ਤੁਸੀਂ ਆਹ ਨਸਲੀ ਵਿਤਕਰੇ ਵਾਲੀ ਗੱਲ ਕੀਤੀ ਹੈ ਇਸ ਦਾ ਮੈਨੂੰ ਖ਼ੁਦ ਨੂੰ ਬਹੁਤ ਸਾਹਮਣਾ ਕਰਨਾ ਪੈ ਰਿਹਾ ਹੈ । ਮੈਨੂੰ ਇੱਕ ਈ ਮੇਲ ਆਈ ਕਿ ਅਸੀਂ ਕਨੇਡੀਅਨ ਲੀਡਰ ਚਾਹੁੰਦੇ ਹਾਂ ਦੇਖੋ ਇਹ ਕੁੱਝ ਲੋਕ ਸਾਨੂੰ ਸਾਨੂੰ ਕਨੇਡੀਅਨ ਹੀ ਨਹੀਂ ਮੰਨਦੇ । ਫਿਰ ਇੱਕ ਕਿਸੇ ਨੇ ਪੁੱਛਿਆ ਕਿ ਤੁਹਾਡੇ ਨਾਲ ਫੋਟੋਆਂ ਵਿੱਚ ਪੱਗਾਂ ਵਾਲੇ ਹੀ ਕਿਉਂ ਦਿਖਾਈ ਦਿੰਦੇ ਹਨ ਤਾਂ ਮੈਂ ਉਹਨਾਂ ਨੂੰ ਜਵਾਬ ਦਿੱਤਾ ਕਿ ਮੇਰਾ ਬਾਪ ਪਗੜੀਧਾਰੀ ਸਿੱਖ ਹੈ। ਸਾਡੀ ਸਾਰੀ ਕਮਿਓਨਿਟੀ ਜਿਸ ਵਿੱਚ ਮੈਂ ਜੰਮੀ ਪਲੀ ਅਤੇ ਵੱਡੀ ਹੋਈ ਹਾਂ ਉਹ ਸਿੱਖ ਹੈ ਉਹ ਪੱਗੜੀ ਪਹਿਨਦੇ ਹਨ ਤਾਂ ਇਸ ਵਿੱਚ ਤੁਹਾਨੂੰ ਕੀ ਇਤਰਾਜ ਹੈ । ਸੋ ਮੈਂ ਭਵਿੱਖ ਵਿੱਚ ਇਸ ਨਸਲੀ ਵਿਤਕਰੇ ਵਾਲੀ ਸੋਚ ਵਾਲੇ ਲੋਕਾਂ ਨੂੰ ਜਵਾਬ ਦੇਣ ਲਈ ਹੋਰ ਮਜਬੂਤ ਹੋਈ ਹਾਂ।

**ਅੱਜ ਦੀ ਗੱਲਬਾਤ ਦੇ ਆਖਿਰ ਵਿੱਚ ਕੀ ਕਹਿਣਾ ਚਾਹੋਗੇ ?**

ਰਾਜਨ ਸਾਹਨੀ: ਸਾਰੇ ਅਲਬਰਟਾ ਵਾਸੀਆਂ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਯੁਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਵੱਡੀ ਗਿਣਤੀ ਵਿੱਚ ਮੈਂਬਰਸ਼ਿੱਪ ਖਰੀਦਕੇ ਭਵਿੱਖ ਵਿੱਚ ਉਹਨਾਂ ਦੀ ਪਾਰਟੀ ਦੀ ਲਗਾਤਾਰ ਸਥਾਪਤੀ ਦਾ ਇਸਾਰਾ ਕੀਤਾ ਹੈ। ਮੇਰੀ ਹਮੇਸਾ ਇਹੀ ਕੋਸਿਸ ਰਹੇਗੀ ਕਿ ਮੈਂ ਅਲਬਰਟਾ ਵਾਸੀਆਂ ਦੀ ਸੇਵਾ ਕਰ ਸਕਾਂ ।

ਮੈਂ ਸਮੁੱਚੇ ਭਾਈਚਾਰੇ ਦੀ ਤਹਿ ਦਿਲੋਂ ਧੰਨਵਾਦੀ ਰਹਾਂਗੀ ਜਿਹਨਾਂ ਨੇ ਆਪਣਾ ਪਿਆਰ ਸਤਿਕਾਰ ਮੈਨੂੰ ਇਸ ਇਲੈਕਸ਼ਨ ਦੇ ਦੌਰਾਨ ਦਿੱਤਾ



ਮੈਂ ਪਹਿਲਾਂ ਨਾਲੋਂ ਵੀ ਵਧ ਚੜ੍ਹਕੇ ਕਮਿਓਨਿਟੀ ਦੀ ਸੇਵਾ ਵਿੱਚ ਹਾਜ਼ਰ ਰਹਾਂਗੀ

ਰਾਜਨ ਸਾਹਨੀ


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸੰਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1
PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com